@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 28 February 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 28 ਫਰਵਰੀ 2024, 13 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 89, qpatrika@gmail.com ਫੋਨ : 9971359517 www.qaumipatrika.org

‘ਮਿਸ਼ਨ ਗਗਨਯਾਨ’ ਦੇ 4 ਪੁਲਾੜ ਯਾਤਰੀਆਂ ਦੇ ਨਾਵਾਂ ਦਾ ਐਲਾਨ

ਸਿੰਮੀ ਕੌਰ ਬੱਬਰ

ਤਿਰੁਵੰਤਪੁਰਮ 27 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਗਲਵਾਰ ਨੂੰ ਕੇਰਲ ਦੇ ਤਿਰੁਵੰਤਪੁਰਮ ਸਥਿਤ ਵਿਕਰਮ ਸਾਰਾਭਾਈ ਸਪੇਸ ਸੈਂਟਰ ਪਹੁੰਚੇ। ਉਨ੍ਹਾਂ ਦੇ ਨਾਲ ਇਸਰੋ ਚੀਫ ਐੱਸ. ਸੋਮਨਾਥ ਵੀ ਮੌਜੂਦ ਸਨ ਪ੍ਰਧਾਨ ਮੰਤਰੀ ਨੇ ਇਥੇ ਲਗਭਗ 1800 ਕਰੋੜ ਰੁਪਏ ਦੇ ਤਿੰਨ ਪੁਲਾੜ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਦੇਸ ਦੇ ਪਹਿਲੇ ਮਾਨਵ ਪੁਲਾੜ ਮਿਸਨ ਗਗਨਯਾਨ ਦੀ ਸਮੀਖਿਆ ਕੀਤੀ। ਪ੍ਰਧਾਨ ਮੰਤਰੀ ਨੇ ਗਗਨਯਾਨ ਮਿਸਨ ‘ਤੇ ਭੇਜੇ ਜਾਣ ਵਾਲੇ ਪੁਲਾੜ ਯਾਤਰੀਆਂ ਦੇ ਨਾਵਾਂ ਦਾ ਐਲਾਨ ਕੀਤਾ ਅਤੇ ਉਨ੍ਹਾਂ ਨੂੰ ਪੁਲਾੜ ਯਾਤਰੀਆਂ ਦੇ ਖੰਭ ਦਿੱਤੇ। ਗਗਨਯਾਨ ਮਿਸਨ ‘ਤੇ ਜਿਨ੍ਹਾਂ ਪੁਲਾੜ ਯਾਤਰੀਆਂ ਨੂੰ ਭੇਜਿਆ ਜਾਵੇਗਾ, ਉਨ੍ਹਾਂ ‘ਚ ਗਰੁੱਪ ਕੈਪਟਨ ਪ੍ਰਸਾਂਤ ਬਾਲਕ੍ਰਿਸਨਨ ਨਾਇਰ, ਗਰੁੱਪ ਕੈਪਟਨ ਅਜੀਤ ਕ੍ਰਿਸਨਨ, ਗਰੁੱਪ ਕੈਪਟਨ ਅੰਗਦ ਪ੍ਰਤਾਪ ਅਤੇ ਵਿੰਗ ਕਮਾਂਡਰ ਸੁਭਾਂਸ਼ੂ ਸੁਕਲਾ ਸਾਮਲ ਹਨ। ਇਨ੍ਹਾਂ ਚਾਰਾਂ ਨੂੰ ਰੂਸ ਵਿਚ ਸਿਖਲਾਈ ਦਿੱਤੀ ਗਈ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਦੇਸ ਪਹਿਲੀ ਵਾਰ 4 ਗਗਨਯਾਨ ਯਾਤਰੀਆਂ ਨਾਲ ਜਾਣੂ ਹੋਇਆ। ਇਹ ਸਿਰਫ 4 ਨਾਮ ਜਾਂ 4 ਵਿਅਕਤੀ ਨਹੀਂ ਹਨ, ਇਹ ਚਾਰ ਸਕਤੀਆਂ ਹਨ ਜੋ

140 ਕਰੋੜ ਭਾਰਤੀਆਂ ਦੀਆਂ ਇੱਛਾਵਾਂ ਨੂੰ ਪੁਲਾੜ ਵਿੱਚ ਲਿਜਾਣ ਵਾਲੀਆਂ ਹਨ। 40 ਸਾਲਾਂ ਬਾਅਦ ਕੋਈ ਭਾਰਤੀ ਪੁਲਾੜ ਵਿੱਚ ਜਾ ਰਿਹਾ ਹੈ ਪਰ ਇਸ ਵਾਰ ਸਮਾਂ ਸਾਡਾ ਹੈ, ਗਿਣਤੀ ਵੀ ਸਾਡਾ ਹੈ ਅਤੇ ਰਾਕੇਟ ਵੀ ਸਾਡਾ ਹੈ। ਮੋਦੀ ਨੇ ਕਿਹਾ- ਪਿਛਲੇ ਸਾਲ ਭਾਰਤ ਚੰਦਰਮਾ ਦੇ ਦੱਖਣੀ ਧਰੁਵ ‘ਤੇ ਤਿਰੰਗਾ ਲਹਿਰਾਉਣ ਵਾਲਾ ਪਹਿਲਾ ਦੇਸ ਬਣਿਆ। ਅੱਜ ਸ?ਿਵ-ਸਕਤੀ ਪੁਆਇੰਟ ਪੂਰੇ ਵਿਸਵ ਨੂੰ ਭਾਰਤ ਦੀ ਸਮਰੱਥਾ ਤੋਂ ਜਾਣੂ ਕਰਵਾ ਰਿਹਾ ਹੈ। 2035 ਤੱਕ ਪੁਲਾੜ ਵਿੱਚ ਭਾਰਤ ਦਾ ਆਪਣਾ ਪੁਲਾੜ ਸਟੇਸਨ ਹੋਵੇਗਾ।

ਕਿਸਾਨਾਂ ਨੂੰ ਰੋਕਣ ਲਈ ਸਰਹੱਦਾਂ ਤੇ ਦਰਿਆ ‘ਚ ਸਖਤ ਪਹਿਰਾ

ਨਵੀਂ ਦਿੱਲੀ 27 ਫਰਵਰੀ। ਸੰਭੂ ਅਤੇ ਖਨੌਰੀ ਸਰਹੱਦ ‘ਤੇ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਅਜੇ ਵੀ ਡਟੇ ਹੋਏ ਹਨ। ਤਾਜਾ ਖਬਰ ਮੁਤਾਬਕ ਖਨੌਰੀ ਸਰਹੱਦ ‘ਤੇ ਅੰਦੋਲਨ ਦੌਰਾਨ ਇੱਕ ਹੋਰ ਕਿਸਾਨ ਦੀ ਮੌਤ ਹੋ ਗਈ ਹੈ। ਮੰਗਲਵਾਰ ਨੂੰ ਧਰਨੇ ਦੌਰਾਨ ਪਟਿਆਲਾ ਦੇ ਰਹਿਣ ਵਾਲੇ ਕਰਨੈਲ ਸਿੰਘ (50) ਦੀ ਸਿਹਤ ਵਿਗੜ ਗਈ। ਹਸਪਤਾਲ ਵਿੱਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। 15 ਦਿਨਾਂ ਤੋਂ ਚੱਲ ਰਹੇ ਅੰਦੋਲਨ ਦੌਰਾਨ ਇਹ 8ਵੀਂ ਮੌਤ ਹੈ। ਇਸ ਵਿੱਚ ਤਿੰਨ ਪੁਲਸ ਮੁਲਾਜਮ ਵੀ ਸਾਮਲ ਹਨ। ਕਿਸਾਨ ਦਿੱਲੀ ਜਾਣ ਦੀ ਕੋਸ?ਿਸ਼ ਕਰ ਰਹੇ ਹਨ ਪਰ ਹਰਿਆਣਾ ਪੁਲਸ ਵਲੋਂ ਸਰਹੱਦਾਂ ਅਤੇ ਦਰਿਆ ਵਿਚ ਸਖਤ

ਪਹਿਰਾ ਦੇ ਕੇ ਉਨ੍ਹਾਂ ਨੂੰ ਰੋਕ ਰੱਖਿਆ ਹੈ। ਕਈ ਵਾਰ ਪੁਲਸ ਅਤੇ ਕਿਸਾਨਾਂ ਵਿਚਾਲੇ ਝੜਪਾਂ ਵੀ ਹੋਈਆਂ। ਇੱਥੇ ਸਭ ਤੋਂ ਵੱਡੀ ਹਲਚਲ 21 ਫਰਵਰੀ ਨੂੰ ਹੋਈ ਸੀ। ਅੱਜ ਦੇ ਦਿਨ ਪੰਜਾਬ ਦੇ ਨੌਜਵਾਨ ਕਿਸਾਨ ਸੁਭਕਰਨ ਸਿੰਘ ਦੀ ਮੌਤ ਹੋ ਗਈ ਸੀ। ਜਿਸ ਤੋਂ ਬਾਅਦ ਕਿਸਾਨ ਆਗੂਆਂ ਨੇ ਦਿੱਲੀ ਵੱਲ ਆਪਣਾ ਮਾਰਚ 29 ਫਰਵਰੀ ਤੱਕ ਮੁਲਤਵੀ ਕਰ ਦਿੱਤਾ ਹੈ। ਜ?ਿਕਰਯੋਗ ਹੈ ਕਿ ਇਨ੍ਹਾਂ ਰਸਤਿਆਂ ਨੂੰ ਹਰਿਆਣਾ ਸਰਕਾਰ ਵਲੋਂ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਸੀ। ਹਰਿਆਣਾ ਸਰਕਾਰ ਵਲੋਂ ਕਿਸਾਨਾਂ ਨੂੰ ਰੋਕਣ ਲਈ ਸਰਹੱਦਾਂ ਉੱਤੇ ਬੈਰੀਕੇਡ , ਸੀਮੈਂਟ ਦੀਆਂ ਕੰਧਾ ਅਤੇ ਕਿੱਲ ਲਗਾ ਕੇ ਇਨ੍ਹਾਂ ਸਰਹੱਦਾਂ ਨੂੰ ਸੀਲ ਕਰ ਦਿੱਤਾ ਗਿਆ ਸੀ। ਪਰ ਪਿਛਲੇ ਦੋ ਦਿਨਾਂ ਤੋਂ ਸਰਕਾਰ ਵਲੋਂ ਲੋਕਾਂ ਦੀ ਆਵਾਜਾਈ ਲਈ ਰਸਤਾ ਖੋਲ੍ਹ ਦਿੱਤਾ ਗਿਆ ਹੈ। ਇਸ ਦੇ ਨਾਲ ਮਿਲਟਰੀ ਅਤੇ ਹਰਿਆਣਾ ਪੁਲਸ ਅਜੇ ਵੀ ਸਰਹੱਦਾ ਉੱਤੇ ਸਖਤੀ ਨਾਲ ਪਹਿਰਾ ਦੇ ਰਹੀ ਹੈ। ਕਿਸਾਨ 13 ਫਰਵਰੀ ਤੋਂ ਹੀ ਸਰਹੱਦਾਂ ਉੱਤੇ ਪੂਰੇ ਹੌਂਸਲੇ ਨਾਲ ਡਟੇ ਹੋਏ ਹਨ। ਸ਼ੰਭੂ ਬਾਰਡਰ ਦੇ ਨਾਲ-ਨਾਲ ਦਰਿਆ ‘ਚ ਵੀ ਕਿਸਾਨਾਂ ਅਤੇ ਟਰੈਕਟਰਾਂ ਨੂੰ ਰੋਕਣ ਫੋਰਸ ਵਲੋਂ ਸਖਤ ਪਹਿਰਾ ਦਿੱਤਾ ਜਾ ਰਿਹਾ ਹੈ। ਘੱਗਰ ਦਰਿਆ ਵਿਚੋਂ ਕਿਸਾਨ ਆਪਣੇ ਟਰੈਕਟਰ ਲੈ ਕੇ ਨਾ ਜਾ ਸਕਣ ਇਸ ਲਈ ਦਰਿਆ ਅੰਦਰੋਂ ਪੁੱਟ ਦਿੱਤਾ ਗਿਆ ਹੈ ਅਤੇ ਕੁਝ ਥਾਵਾਂ ‘ਤੇ ਪਾਣੀ ਵਹਿ ਰਿਹਾ ਹੈ। ਅੱਜ 27 ਫਰਵਰੀ ਨੂੰ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਹੋਣ ਵਾਲੀ ਹੈ। ਇਸ ਮੀਟਿੰਗ ਵਿਚ ਦਿੱਲੀ ਕੂਚ ਅਤੇ ਹੋਰ ਮੁੱਦਿਆਂ ਨੂੰ ਲੈ ਕੇ ਰੋਡ ਮੈਪ ਤਿਆਰ ਕੀਤਾ ਜਾਣਾ ਹੈ।

ਵਿਜੇ ਸ਼ੇਖਰ ਸਰਮਾ ਨੇ ਪੇਟੀਐਮ ਪੇਮੈਂਟਸ ਬੈਂਕ ਦੇ ਪ੍ਰਧਾਨ ਅਹੁਦੇ ਤੋਂ ਦਿੱਤਾ ਅਸਤੀਫਾ

ਨੈਸਨਲ ਡੈਸਕ 27 ਫਰਵਰੀ। ਪੇਟੀਐਮ ਪੇਮੈਂਟਸ ਬੈਂਕ ਲਿਮਟਿਡ ਵਿਜੇ ਸੇਖਰ ਸਰਮਾ ਨੇ ਦੇ ਪਾਰਟ-ਟਾਈਮ ਗੈਰ-ਕਾਰਜਕਾਰੀ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਦੇ ਨਾਲ ਹੀ ਬੈਂਕ ਦੇ ਬੋਰਡ ਆਫ ਡਾਇਰੈਕਟਰਜ ਦਾ ਪੁਨਰਗਠਨ ਕੀਤਾ ਗਿਆ ਹੈ। ਧਿਆਨਯੋਗ ਹੈ ਕਿ ਭਾਰਤੀ ਰਿਜਰਵ ਬੈਂਕ (ਆਰ.ਬੀ.ਆਈ.) ਨੇ ਨਿਯਮਾਂ ਦੀ ਪਾਲਣਾ ਨਾ ਕਰਨ ਲਈ ਪੇਟੀਐਮ ਪੇਮੈਂਟ ਬੈਂਕ ਲਿਮਟਿਡ ‘ਤੇ ਪਾਬੰਦੀ ਲਗਾ ਦਿੱਤੀ ਹੈ। () ਨੂੰ 15 ਮਾਰਚ ਤੋਂ ਬਾਅਦ ਗਾਹਕਾਂ ਤੋਂ ਕੋਈ ਵੀ ਨਵੀਂ ਜਮ੍ਹਾਂ ਰਕਮ ਸਵੀਕਾਰ ਕਰਨ ਜਾਂ ‘ਟਾਪ ਅੱਪ’ ਲੈਣ ਤੋਂ ਰੋਕਿਆ ਗਿਆ ਹੈ। ਨੇ ਸੋਮਵਾਰ ਨੂੰ ਸਟਾਕ ਐਕਸਚੇਂਜ ਫਾਈਲਿੰਗ ਵਿੱਚ ਕਿਹਾ ਕਿ ਨੇ ਕੇਂਦਰੀ ਬੈਂਕ ਆਫ ਇੰਡੀਆ ਦੇ

ਸਾਬਕਾ ਚੇਅਰਮੈਨ ਸ੍ਰੀਨਿਵਾਸਨ ਸ੍ਰੀਧਰ, ਸੇਵਾਮੁਕਤ ਆਈਏਐਸ ਅਧਿਕਾਰੀ ਦੇਵੇਂਦਰਨਾਥ ਸਾਰੰਗੀ, ਬੈਂਕ ਆਫ ਬੜੌਦਾ ਦੇ ਸਾਬਕਾ ਕਾਰਜਕਾਰੀ ਨਿਰਦੇਸਕ ਅਸੋਕ ਕੁਮਾਰ ਗਰਗ ਅਤੇ ਸਾਬਕਾ ਆਈਏਐਸ ਅਧਿਕਾਰੀ ਰਜਨੀ ਸੇਖਰੀ ਸਿੱਬਲ ਦੀ ਨਿਯੁਕਤੀ ਨਾਲ ਆਪਣੇ ਨਿਰਦੇਸਕ ਮੰਡਲ ਦਾ ਪੁਨਰਗਠਨ ਕੀਤਾ। ਇਸ ਵਿਚ ਕਿਹਾ ਗਿਆ ਹੈ ਕਿ ਇਹ ਸਾਰੇ ਹਾਲ ਹੀ ਵਿਚ ਸੁਤੰਤਰ ਨਿਰਦੇਸਕ ਵਜੋਂ ਸਾਮਲ ਹੋਏ ਹਨ। ਬ੍ਰਾਂਡ ਦੀ ਮਲਕੀਅਤ 97 (ਓਸੀਐਲ) ਦੇ ਕੋਲ ਹੈ। ਕੰਪਨੀ ਨੇ ਇੱਕ ਵੱਖਰੀ ਜਾਣਕਾਰੀ ਵਿੱਚ ਕਿਹਾ, “ਇਸ ਬਦਲਾਅ ਨੂੰ ਲੈ ਕੇ ਵਿਜੇ ਸੇਖਰ ਸਰਮਾ ਨੇ ਪੇਟੀਐਮ ਪੇਮੈਂਟਸ ਬੈਂਕ ਦੇ ਨਿਰਦੇਸਕ ਮੰਡਲ ਤੋਂ ਵੀ ਅਸਤੀਫਾ ਦੇ ਦਿੱਤਾ ਹੈ।

ਸਿਆਸਤ ’ਚ ਸਭ ਕੁਝ ਹਾਸਲ ਕਰਨ ਵਾਲੇ ਰਾਹੁਲ ਬੈਕ ਸੀਟ ਦਾ ਡਰਾਈਵਰ ਬਣ ਕੇ ਖੁਸ਼

ਏਜੰਸੀਆਂ

ਨਵੀਂ ਦਿੱਲੀ 27 ਫਰਵਰੀ। 2002 ਚ ਸਿਆਸਤ ‘ਚ ਆਉਣ ਪਿੱਛੋਂ ਰਾਹੁਲ ਗਾਂਧੀ ਨੂੰ ਸਭ ਕੁਝ ਇੱਕ ਥਾਲੀ ‘ਚ ਸਜਾ ਕੇ ਮਿਲਿਆ ਸੀ। ਪਾਰਟੀ 2 ਸਾਲਾਂ ਦੇ ਥੋੜ੍ਹੇ ਸਮੇਂ ਅੰਦਰ ਹੀ ਸੱਤਾ ‘ਚ ਆ ਗਈ । ਉਹ 2004 ‘ਚ ਅਮੇਠੀ ਤੋਂ ਲੋਕ ਸਭਾ ਲਈ ਵੀ ਚੁਣੇ ਗਏ। ਪਾਰਟੀ ‘ਚ ਆਪਣੀ ਆਵਾਜ ਬੁਲੰਦ ਕਰਨ ਪਿੱਛੋਂ ਉਨ੍ਹਾਂ ਆਪਣਾ ਮਾਲਕ ਖੁੱਦ ਬਣਨਾ ਚੁਣਿਆ। ਉਨ੍ਹਾਂ ਏ. ਕੇ. ਐਂਟਨੀ ਵਰਗੇ ਆਪਣੇ ‘ਗੁਰੂ’ ਜਾਂ ਇੱਥੋਂ ਤੱਕ ਕਿ ਆਪਣੀ ਮਾਂ ਨੂੰ ਵੀ ਸੁਣਨ ਤੋਂ ਇਨਕਾਰ ਕਰ ਦਿੱਤਾ । ਸਰਕਾਰਾਂ ਨੂੰ ਕਿਵੇਂ ਚਲਾਇਆ ਜਾਂਦਾ ਹੈ, ਬਾਰੇ ਸਿਖਲਾਈ ਲੈਣ ਲਈ ਲਈ ਕਿਸੇ ਮੰਤਰਾਲਾ ’ਚ ਸਾਮਲ ਹੋਣ ਤੋਂ ਵੀ ਇਨਕਾਰ ਕਰ ਦਿੱਤਾ। ਉਨ੍ਹਾਂ ਜਨਤਕ ਤੌਰ ’ਤੇ ਭਾਸ਼ਣ ਕਰਨ ਤੇ ਹਿੰਦੀ ’ਚ ਮੁਹਾਰਤ ਹਾਸਲ ਕਰਨ ਦੀ ਸਿਖਲਾਈ ਲੈਣ ਤੋਂ ਵੀ ਨਾਂਹ ਕਰ ਦਿੱਤੀ। ਉਨ੍ਹਾਂ ਦੀ ਮਾਤਾ ਨੇ ਕੁਝ ਬਿਹਤਰ ਪ੍ਰਦਰਸ਼ਨ ਕੀਤਾ। ਬਿਨਾਂ ਤਿਆਰੀ ਦੇ ਬੋਲ ਕੇ ਸਿਆਸੀ ਨੁਕਸਾਨ ਝੱਲਣ ਦੀ ਬਜਾਏ ਉਹ ਪੜ੍ਹ ਕੇ ਹਿੰਦੀ ਬੋਲਦੀ ਰਹੀ। ਉਨ੍ਹਾਂ ਆਪਣੇ ਹਿੰਦੀ ਅਧਿਆਪਕ ਜਨਾਰਦਨ ਦਿਵੇਦੀ ਨੂੰ ਦੋ ਵਾਰ ਰਾਜ ਸਭਾ ਦਾ ਮੈਂਬਰ ਵੀ ਬਣਾਇਆ। ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਅਤੇ ਇਸ ਦੇ ਸਹਿਯੋਗੀ 2011-2012 ’ਚ ਡਾ. ਮਨਮੋਹਨ ਸਿੰਘ ਨੂੰ ਭਾਰਤ ਦਾ ਰਾਸਟਰਪਤੀ ਬਣਾਉਣ ਅਤੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਵਜੋਂ ਸਰਕਾਰ ਦੀ ਵਾਗਡੋਰ

ਸੰਭਾਲਣ ਦੇ ਹੱਕ ’ਚ ਸਨ ਪਰ ਉਨ੍ਹਾਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਉਹ ਆਪਣੀ ਅਗਵਾਈ ਹੇਠ ਲੜੀ ਗਈ ਚੋਣ ਜਿੱਤ ਕੇ ਹੀ ਪ੍ਰਧਾਨ ਮੰਤਰੀ ਬਣਨਾ ਚਾਹੁਣਗੇ। ਆਖਰ ਉਹ ਦਸੰਬਰ 2017 ’ਚ ਕਾਂਗਰਸ ਦੇ ਪ੍ਰਧਾਨ ਬਣੇ। ਪਾਰਟੀ ਨੂੰ 2019 ਦੀਆਂ ਲੋਕ ਸਭਾ ਚੋਣਾਂ ’ਚ ਸਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ। ਉਹ ਆਪਣੇ ਗੜ੍ਹ ਅਮੇਠੀ ਤੋਂ ਹਾਰ ਗਏ। ਉਨ੍ਹਾਂ ਜੁਲਾਈ, 2019 ’ਚ ਅਚਾਨਕ ਅਹੁਦਾ ਛੱਡ ਦਿੱਤਾ। ਦਿਲਚਸਪ ਗੱਲ ਇਹ ਹੈ ਕਿ ਕਿਸੇ ਨੇ ਵੀ ਉਨ੍ਹਾਂ ਲਈ ਹੰਝੂ ਨਹੀਂ ਵਹਾਏ ਅਤੇ ਨਾ ਹੀ ਉਨ੍ਹਾਂ ਨੂੰ ਅਹੁਦੇ ’ਤੇ ਬਣੇ ਰਹਿਣ ਲਈ ਕਿਹਾ। ਉਹ ਮਲਿਕਾਰਜੁਨ ਖੜਗੇ ਨੂੰ ਰਾਸਟਰੀ ਪ੍ਰਧਾਨ ਬਣਾ ਕੇ ਖੁੱਦ ਪਾਰਟੀ ਦਾ ਬੈਕ-ਸੀਟ ਡਰਾਈਵਰ ਬਣ ਕੇ ਖੁਸ਼ ਹਨ। ਪਾਰਟੀ ਦੇ ਕਈ ਨੇਤਾਵਾਂ ਨੂੰ ਲੱਗਦਾ ਹੈ ਕਿ ਉਹ ਅਜਿਹੇ ਵਿਅਕਤੀ ਵਜੋਂ ਜਾਣੇ ਜਾਣਗੇ ਜੋ ਗਠਜੋੜ ਬਣਾਉਣ ਲਈ ਬਹੁਤ ਦੇਰ ਨਾਲ 2024 ਵਿੱਚ ਪਾਰਟੀ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਰਹੇ ਹਨ। ‘ਭਾਰਤ ਜੋੜੋ ਨਿਆਏ ਯਾਤਰਾ’ ਦੌਰਾਨ ਉਨ੍ਹਾਂ ਦੇ ਤਾਜਾ ਭਾਸਣਾਂ ਖਾਸ ਕਰ ਕੇ ‘ਯੂ.ਪੀ’ ’ਚ ਦਿੱਤੇ ਭਾਸ਼ਣਾਂ ਨੇ ਪਾਰਟੀ ਦੇ ਬਹੁਤ ਸਾਰੇ ਲੋਕਾਂ ਨੂੰ ਚਿੰਤਤ ਕੀਤਾ ਹੈ। ਜਿਸ ਤਰ੍ਹਾਂ ਦੀ ਭਾਸਾ ਅਤੇ ਸਬਦ ਉਨ੍ਹਾਂ ਬੋਲੇ, ਨੇ ਕਾਂਗਰਸ ਤੋਂ ਬਾਹਰ ਉਨ੍ਹਾਂ ਦੇ ਆਪਣੇ ਸਮਰਥਕਾਂ ਨੂੰ ਵੀ ਹੈਰਾਨ ਕਰ ਦਿੱਤਾ ਹੈ। ਉਹ 5 ਦਿਨਾਂ ਦੀ ਛੁੱਟੀ ਲੈ ਕੇ ਕਿਸੇ ਯੂਨੀਵਰਸਿਟੀ ’ਚ ਲੈਕਚਰ ਦੇਣ ਲਈ ਬਰਤਾਨੀਆ ਜਾਣ ਦੀ ਯੋਜਨਾ ਬਣਾ ਰਹੇ ਹਨ।

ਲੋਕ ਸਭਾ ਚੋਣਾਂ ਲਈ ਭਾਜਪਾ ਨੇ ਖਿੱਚੀ ਤਿਆਰੀ, ਮਾਰਚ ਦੇ ਪਹਿਲੇ ਹਫਤੇ ਜਾਰੀ ਕਰ ਸਕਦੀ ਹੈ 150 ਉਮੀਦਵਾਰਾਂ ਦੀ ਸੂਚੀ

ਜਲੰਧਰ 27 ਫਰਵਰੀ। ਦੇਸ ’ਚ ਲੋਕ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਅਖਾੜੇ ਸੱਜ ਚੁੱਕੇ ਹਨ ਅਤੇ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਇਕ ਪਾਸੇ ਜਿੱਥੇ ਵਿਰੋਧੀ ਪਾਰਟੀਆਂ ਦਾ ਗਠਜੋੜ ‘ਇੰਡੀਆ’ ਬਲਾਕ ਸੀਟ ਵੰਡ ਵੱਲ ਵਧ ਰਿਹਾ ਹੈ, ਉੱਥੇ ਹੀ ਭਾਜਪਾ ਨੇ ਵੀ ਆਪਣੇ ਉਮੀਦਵਾਰ ਚੋਣ ਮੈਦਾਨ ਵਿਚ ਉਤਾਰਨ ਦੀ ਪੂਰੀ ਤਿਆਰੀ ਕਰ ਲਈ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਇਸੇ ਹਲਚਲ ’ਚ 29 ਫਰਵਰੀ ਨੂੰ ਭਾਜਪਾ ਦੀ ਕੇਂਦਰੀ ਚੋਣ ਕਮੇਟੀ ਦੀ ਹੋਣ ਵਾਲੀ ਮੀਟਿੰਗ ਤੋਂ ਬਾਅਦ ਪਾਰਟੀ ਛੇਤੀ ਹੀ ਆਪਣੇ ਪਹਿਲੇ 150 ਉਮੀਦਵਾਰਾਂ ਦੀ ਸੂਚੀ ਜਾਰੀ ਕਰ ਸਕਦੀ ਹੈ। ਰਿਪੋਰਟ ਮੁਤਾਬਕ ਪਹਿਲੀ ਸੂਚੀ ’ਚ ਵਾਰਾਣਸੀ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗਾਂਧੀਨਗਰ ਤੋਂ ਗ੍ਰਹਿ ਮੰਤਰੀ ਅਮਿਤ ਸਾਹ, ਲਖਨਊ ਤੋਂ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਨਾਗਪੁਰ ਤੋਂ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਦਾ ਨਾਂ ਹੋ ਸਕਦਾ ਹੈ। ਸੂਤਰਾਂ ਦੇ ਹਵਾਲੇ ਨਾਲ ਰਿਪੋਰਟ ’ਚ ਕਿਹਾ ਗਿਆ ਹੈ ਕਿ ਪੱਛਮੀ ਦਿੱਲੀ ਤੋਂ ਪਰਵੇਸ ਵਰਮਾ, ਉੱਤਰ ਪੱਛਮੀ ਦਿੱਲੀ ਤੋਂ ਮਨੋਜ ਤਿਵਾੜੀ ਅਤੇ ਦੱਖਣੀ ਦਿੱਲੀ ਤੋਂ ਰਮੇਸ ਬਿਧੂੜੀ ਨੂੰ ਵੀ ਪਹਿਲੀ ਸੂਚੀ ’ਚ ਜਗ੍ਹਾ ਦਿੱਤੀ ਜਾ ਸਕਦੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਪਾਰਟੀ ਉਨ੍ਹਾਂ ਸੀਟਾਂ ’ਤੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਸਕਦੀ ਹੈ, ਜਿਨ੍ਹਾਂ ਉੱਤੇ ਉਸ ਦੀ ਜਾਂ ਤਾਂ ਮਜਬੂਤ ਪਕੜ ਹੈ ਜਾਂ ਫਿਰ ਜਿੱਥੇ ਉਹ ਆਪਣੀ ਸਥਿਤੀ ਹੋਰ ਬਿਹਤਰ ਕਰ ਸਕਦੀ ਹੈ। ਦੱਸਿਆ ਜਾ ਰਿਹਾ ਹੈ ਕਿ 150 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰਨ ਲਈ 29 ਫਰਵਰੀ ਨੂੰ ਕੇਂਦਰੀ ਚੋਣ ਕਮੇਟੀ ਦੀ ਹੋਣ ਵਾਲੀ ਅਹਿਮ ਮੀਟਿੰਗ ਤੋਂ ਪਹਿਲਾਂ ਲੰਘੇ ਸਨੀਵਾਰ ਨੂੰ ਭਾਜਪਾ ਹੈੱਡਕੁਆਰਟਰ ’ਚ ਇਸ ਦੀ ਤਿਆਰੀ ਨੂੰ ਲੈ ਕੇ ਬੈਠਕ ਹੋਈ ਸੀ। ਇਸ ’ਚ ਭਾਜਪਾ ਦੇ ਕੌਮੀ ਪ੍ਰਧਾਨ ਜੇ. ਪੀ. ਨੱਡਾ ਸਮੇਤ ਕਈ ਸੀਨੀਅਰ ਨੇਤਾਵਾਂ ਤੋਂ ਇਲਾਵਾ ਉੱਤਰ ਪ੍ਰਦੇਸ, ਮੱਧ ਪ੍ਰਦੇਸ, ਰਾਜਸਥਾਨ, ਛੱਤੀਸਗੜ੍ਹ, ਪੱਛਮੀ ਬੰਗਾਲ, ਤੇਲੰਗਾਨਾ ਅਤੇ ਕੇਰਲ ਤੋਂ ਭਾਜਪਾ ਦੇ ਮੁੱਖ ਨੇਤਾਵਾਂ ਨੇ ਸ?ਿਰਕਤ ਕੀਤੀ ਸੀ।

ਇੰਡੀਗੋ ਨੇ ਫਿਰ ਸੁਰੂ ਕੀਤੀ ਲਖਨਊ-ਅੰਮ੍ਰਿਤਸਰ-ਸ਼੍ਰੀਨਗਰ ਦੀ ਸਿੱਧੀ ਉਡਾਣ

ਅੰਮ੍ਰਿਤਸਰ 27 ਫਰਵਰੀ। ਇੰਡੀਗੋ ਏਅਰਲਾਈਨਜ ਨੇ ਲਖਨਊ-ਅੰਮ੍ਰਿਤਸਰ ਤੋਂ ਸਿੱਧੀ ਉਡਾਣ ਮੁੜ ਸ਼ੁਰੂ ਕਰ ਦਿੱਤੀ ਹੈ। ਫਲਾਈਟ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਕਨਵੀਨਰ ਯੋਗੇਸ਼ ਕਾਮਰਾ ਮੁਤਾਬਿਕ ਲਖਨਊ ਦੇ ਚੌਧਰੀ ਚਰਨ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਅੰਮ੍

ਵਰਕ ਫਰਾਮ ਹੋਮ ਦੇ ਨਾਂ 'ਤੇ ਠੱਗੀ ਕਰਨ ਵਾਲੇ ਗਿਰੋਹ ਦਾ ਖੁਲਾਸਾ, ਇੰਝ ਵਿਛਾਇਆ ਜਾਂਦਾ ਸੀ ਜਾਲ

ਚੰਡੀਗੜ੍ਹ 27 ਫਰਵਰੀ। ਸਾਈਬਰ ਸੈੱਲ ਨੇ ਵਰਕ ਫਰਾਮ ਹੋਮ ਦੇ ਨਾਂ 'ਤੇ ਕਰੋੜਾਂ ਰੁਪਏਦੀ ਠੱਗੀ ਕਰਨ ਵਾਲੇ ਗਿਰੋਹ ਦੇ 9 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਹਰਿਆਣਾ ਦੇ ਚਰਖੀਦਾਦਰੀ ਨਿਵਾਸੀ ਸੰਦੀਪ ਕੁਮਾਰ ਸਾਂਗਵਾਨ, ਨਵੀਂ ਦਿੱਲੀ ਨਿਵਾਸੀ ਮਨੀਸ਼ ਰਾਵਤ, ਚਰਖੀਦਾਦਰੀ ਨਿਵਾਸੀ ਰਾਕੇਸ਼ ਉਰਫ ਰਿੰਕੂ, ਮੱਧਪ੍ਰਦੇਸ਼ ਨਿਵਾਸੀ ਆਦਿੱਤਿਆ ਸ਼ਰਮਾ, ਮਹੇਸ਼ ਸ਼ਰਮਾ, ਨਵੀਂ ਦਿੱਲੀ ਨਿਵਾਸੀ ਰਾਜਕੁਮਾਰ ਨਾਰੰਗ, ਪ੍ਰਤੀਕ ਮੈਂਗੀ, ਮਹੇਸ਼ ਕੁਮਾਰ ਅਤੇ ਜੋਧਪੁਰ ਨਿਵਾਸੀ ਵਿਸ਼ਾਲ ਵਰਮਾ ਵਜੋਂ ਹੋਈ ਹੈ। ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ 24 ਮੋਬਾਇਲ ਫੋਨ, 10 ਬੈਂਕ ਖਾਤਿਆਂ ਦੇ ਕਾਗਜ਼ਾਤ, 6 ਸਿਮ ਕਾਰਡ ਅਤੇ 11 ਜਾਅਲੀ ਮੋਹਰਾਂ ਬਰਾਮਦ ਕੀਤੀਆਂ ਹਨ। ਸਾਈਬਰ ਸੈੱਲ ਨੇ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕੀਤਾ, ਜਿੱਥੋਂ ਸੰਦੀਪ, ਮਨੀਸ਼, ਰਾਕੇਸ਼ ਅਤੇ ਵਿਸ਼ਾਲ ਨੂੰ ਕਾਨੂੰਨੀ ਹਿਰਾਸਤ, ਜਦੋਂਕਿ ਬਾਕੀ ਪੰਜਾਂ ਨੂੰ ਪੁਲਸ ਰਿਮਾਂਡ 'ਤੇ ਭੇਜਿਆ ਹੈ। ਠੱਗੀ ਦੀ ਰਕਮ ਵਿਦੇਸ਼ ਵਿਚ ਬੈਠੇ ਗਿਰੋਹ ਦੇ ਮੈਂਬਰਾਂ ਨੂੰ ਕ੍ਰਿਪਟੋ ਕਰੰਸੀ ਦੇ ਜ਼ਰੀਏ ਭੇਜੀ ਜਾਂਦੀ ਸੀ। ਜਾਂਚ ਵਿਚ ਸਾਹਮਣੇ ਆਇਆ ਕਿ ਤਿੰਨ ਮੁਲਜ਼ਮ ਦੁਬਈ ਵਿਚ ਬੈਠ ਕੇ ਠੱਗੀ ਕਰ ਰਹੇ ਹਨ। ਪੁਲਸ ਜਾਂਚ ਵਿਚ ਸਾਹਮਣੇ ਆਇਆ ਕਿ ਠੱਗੀ ਦੇ ਤਿੰਨ ਕੇਸਾਂ ਵਿਚ ਫੜ੍ਹੇ ਗਏ ਮੁਲਜ਼ਮਾਂ ਦੇ 24 ਬੈਂਕ ਖਾਤਿਆਂ ਦੇ ਜ਼ਰੀਏ 150 ਕਰੋੜ ਦੀ ਟ੍ਰਾਂਜੈਕਸ਼ਨ ਹੋਈ ਹੈ। ਇਹ ਆਈ. ਸੀ. ਆਈ. ਸੀ. ਆਈ. ਬੈਂਕ, ਯੈੱਸ ਬੈਂਕ, ਆਈ. ਡੀ. ਐੱਫ. ਸੀ. ਬੈਂਕ ਅਤੇ ਉੱਜਵਲ ਸਮਾਲ ਬੈਂਕ ਦੇ ਖਾਤਿਆਂ ਨਾਲ ਹੋਈ ਹੈ। ਪੁਲਸ ਜਾਂਚ ਵਿਚ ਸਾਹਮਣੇ ਆਇਆ ਕਿ ਠੱਗੀ ਕਰਨ ਵਾਲੇ

ਗਿਰੋਹ ਨੇ ਧੋਖਾਦੇਹੀ ਅਤੇ ਮਨੀ ਲਾਂਡਰਿੰਗ ਲਈ ਫਰਜ਼ੀ ਕੰਪਨੀ ਬਣਾਈ ਸੀ। ਇਸ ਕੰਪਨੀ ਦੇ ਜ਼ਰੀਏ ਮੁਲਜ਼ਮ ਆਯਾਤ-ਨਿਰਯਾਤ ਅਤੇ ਹਵਾਲੇ ਦਾ ਕਾਰੋਬਾਰ ਕਰਦੇ ਸਨ। ਇਸ ਤੋਂ ਇਲਾਵਾ ਪਤਾ ਚੱਲਿਆ ਕਿ ਟੈਲੀਗ੍ਰਾਮ ਦੇ ਬਣਾਏ ਗਰੁੱਪ ਦੇ ਜ਼ਿਆਦਾਤਰ ਆਈ. ਪੀ. ਐਡਰੈੱਸ ਦੁਬਈ, ਚੀਨ, ਇੰਡੋਨੇਸ਼ੀਆ ਅਤੇ ਪਾਕਿਸਤਾਨ ਦੇ ਹਨ। ਐੱਸ. ਪੀ. ਸਾਈਬਰ ਕੇਤਨ ਬਾਂਸਲ ਨੇ ਦੱਸਿਆ ਕਿ ਵਰਕ ਫਰਾਮ ਹੋਮ ਵਿਚ ਯੂ-ਟਿਊਬ 'ਤੇ ਵੀਡੀਓ ਲਾਈਕ ਕਰਨ ਅਤੇ ਟੈਲੀਗ੍ਰਾਮ ਗਰੁੱਪ ਤੋਂ ਟਾਸਕ ਦੇ ਕੇ ਲੋਕਾਂ ਨਾਲ 3 ਕਰੋੜ 97 ਲੱਖ 34 ਹਜ਼ਾਰ 543 ਰੁਪਏ ਦੀ ਠੱਗੀ ਹੋ ਚੁੱਕੀ ਹੈ। ਗਿਰੋਹ ਕੁਝ ਮਹੀਨਿਆਂ ਤੋਂ ਕਾਫ਼ੀ ਸਰਗਰਮ ਹੈ। ਸਾਈਬਰ ਸੈੱਲ ਕੋਲ ਠੱਗੀ ਦੀਆਂ 180 ਸ਼ਿਕਾਇਤਾਂ ਆ ਚੁੱਕੀਆਂ ਹਨ। ਇਨ੍ਹਾਂ ਵਿਚੋਂ ਪੁਲਸ ਨੇ ਸਿਰਫ 6 ਕੇਸ ਦਰਜ ਕੀਤੇ ਹਨ। ਬਾਕੀ ਸ਼ਿਕਾਇਤਾਂ ਦੀ ਸਾਈਬਰ ਸੈੱਲ ਜਾਂਚ ਕਰਨ ਵਿਚ ਜੁਟਿਆ ਹੈ। ਉਨ੍ਹਾਂ ਦੱਸਿਆ ਕਿ ਠੱਗੀ ਦੀ ਰਕਮ ਲੈਣ ਲਈ ਗਿਰੋਹ ਦੇ ਮੈਂਬਰ ਫਰਜ਼ੀ ਬੈਂਕ ਖਾਤੇ ਖੋਲ੍ਹਦੇ ਸਨ। ਘਪਲੇ ਵਿਚ ਸੀ. ਏ., ਆਈ. ਡੀ. ਐੱਫ. ਸੀ. ਬੈਂਕ, ਆਈ. ਸੀ. ਆਈ. ਸੀ. ਆਈ. ਬੈਂਕ, ਯੈੱਸ ਬੈਂਕ ਦੇ ਕਰਮਚਾਰੀ ਅਤੇ ਅਧਿਕਾਰੀ ਸ਼ਾਮਲ ਹਨ। ਇਸ ਤੋਂ ਇਲਾਵਾ ਕੁਝ ਵਕੀਲ ਵੀ ਫਰਜ਼ੀ ਕੰਪਨੀ ਬਣਾ ਕੇ ਜਾਅਲੀ ਬੈਂਕ ਖਾਤੇ ਖੋਲ੍ਹਦੇ ਸਨ। ਸਚਿਨ ਟ੍ਰੇਡਿੰਗ ਕੰਪਨੀ, ਗੋਪਾਲ ਟ੍ਰੇਡਿੰਗ, ਸਾਹਿਲ ਟਰੇਡਰਜ਼, ਸਾਰਿਫ ਇੰਟਰਪ੍ਰਾਈਜਿਜ਼, ਸੋਨੂੰ ਟ੍ਰੇਡਿੰਗ ਕੰਪਨੀ, ਸ਼ੀਰਸ਼ ਉਦਮ, ਅਲਟੀਮੇਟ ਟ੍ਰੇਡਿੰਗ ਕੰਪਨੀ, ਸੋਮ ਅਸਟੇਟ ਏਜੰਸੀ ('ਤੇ ਸਰਗਰਮ ਖਾਤੇ ਨਾਲ ਜੁੜਿਆ ਮੋਬਾਇਲ ਨੰਬਰ ਦੁਬਈ), ਬਾਲਾਜੀ ਕੈਟਰਿੰਗ ਸੇਵਾ, ਜੰਦਾਨੀ ਹਾਰਡਵੇਅਰ, ਯੂ. ਆਰ. ਵੀ. ਆਈ. ਇੰਟਰਪ੍ਰਾਈਜਿਜ਼, ਵਾਈਟ ਮੂਨ ਇੰਟਰਨੈਸ਼ਨਲ, ਰੈਨਬੋ ਇੰਪੈਕਸ, ਸਨਸ਼ਾਈਨ ਟ੍ਰੇਡਿੰਗ, ਰਾਜਵੰਸ਼ੀਏ ਵਿਸ਼ਵ ਵਪਾਰ, ਮਹਾਦੇਵ ਟ੍ਰੇਡਿੰਗ, ਵਿਸ਼ਵਕ ਵਿਸ਼ਚ ਵਪਾਰ, ਗੁਣਵੱਤਾਪੂਰਨ ਵਿਸ਼ਵ ਵਪਾਰ, ਸਿੰਘ ਟ੍ਰੇਡਰਜ਼ ਐੱਸ. ਏ. ਪੀ. ਐਕਸਪੋਰਟਡ ਅਤੇ ਡੇਪ੍ਰਾਵੋ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਦੇ ਨਾਂ ਖਾਤੇ ਖੋਲ੍ਹੇ ਹੋਏ ਸਨ। ਸ਼ਿਕਾਇਤਕਰਤਾ ਕੰਵਲਜੀਤ ਸਿੰਘ ਨਾਲ ਵਰਕ ਫਰਾਮ ਹੋਮ ਦੇ ਨਾਂ 'ਤੇ 39 ਲੱਖ 53 ਹਜ਼ਾਰ 825 ਦੀ ਠੱਗੀ ਹੋਈ। ਸਾਈਬਰ ਸੈੱਲ ਨੇ ਮਾਮਲਾ ਦਰਜ ਕਰਕੇ ਤਿੰਨ ਮੁਲਜ਼ਮਾਂ ਚਰਖੀਦਾਦਰੀ ਨਿਵਾਸੀ ਸੰਦੀਪ ਕੁਮਾਰ ਸਾਂਗਵਾਨ, ਨਵੀਂ ਦਿੱਲੀ ਨਿਵਾਸੀ ਮਨੀਸ਼ ਰਾਵਤ ਤੇ ਚਰਖੀਦਾਦਰੀ ਨਿਵਾਸੀ ਰਾਕੇਸ਼ ਉਰਫ ਰਿੰਕੂ ਨੂੰ ਗ੍ਰਿਫ਼ਤਾਰ ਕੀਤਾ। ਉੱਥੇ ਹੀ 7 ਜੁਲਾਈ ਨੂੰ ਔਰਤ ਨਾਲ 45 ਲੱਖ 40 ਹਜ਼ਾਰ 233 ਰੁਪਏ ਦੀ ਠੱਗੀ ਕੀਤੀ। ਸਾਈਬਰ ਸੈੱਲ ਨੇ ਮਾਮਲਾ ਦਰਜ ਕਰ ਕੇ ਚਾਰ ਮੁਲਜ਼ਮਾਂ ਮੱਧ ਪ੍ਰਦੇਸ਼ ਨਿਵਾਸੀ ਆਦਿੱਤਿਆ ਸ਼ਰਮਾ, ਮਹੇਸ਼ ਸ਼ਰਮਾ, ਨਵੀਂ ਦਿੱਲੀ ਨਿਵਾਸੀ ਰਾਜਕੁਮਾਰ ਨਾਰੰਗ, ਪ੍ਰਤੀਕ ਮੈਂਗੀ ਤੇ ਮਹੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ। ਇਸ ਤੋਂ ਇਲਾਵਾ ਪਹਿਲੀ ਜੁਲਾਈ ਨੂੰ ਦਰਜ ਹੋਏ ਕੇਸ ਨੂੰ ਹੱਲ ਕੀਤਾ ਹੈ। ਇਸ ਵਿਚ ਠੱਗਾਂ ਨੇ ਔਰਤ ਨਾਲ ਰੁਪਏ ਨਿਵੇਸ਼ ਕਰਨ ਦੇ ਨਾਂ 'ਤੇ ਸੱਤ ਲੱਖ 62 ਹਜ਼ਾਰ ਦੀ ਠੱਗੀ ਕੀਤੀ ਸੀ। ਮਾਮਲੇ ਵਿਚ ਫਰਾਰ ਮੁਲਜ਼ਮ ਜੋਧਪੁਰ ਨਿਵਾਸੀ ਵਿਸ਼ਾਲ ਨੂੰ ਗ੍ਰਿਫ਼ਤਾਰ ਕੀਤਾ ਹੈ।

ਘਰ 'ਚ ਜੋਤ ਜਗਾਉਣ ਮਗਰੋਂ ਲੱਗੀ ਅੱਗ, ਸਾਰਾ ਸਾਮਾਨ ਸੜ ਕੇ ਸੁਆਹ

ਜਲੰਧਰ 27 ਫਰਵਰੀ। ਜਲੰਧਰ ਦੇ ਗਾਜੀ ਗੁੱਲਾ ਸਥਿਤ ਲਕਸਮੀ ਪੈਲੇਸ ਨੇੜੇ ਘਰ ਨੂੰ ਅੱਗ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਕ ਇਹ ਘਟਨਾ ਨਿਊ ਗੋਪਾਲ ਨਗਰ ਦੇ ਚੱਪਲਾਂ ਦੇ ਵਪਾਰੀ ਅਸੋਕ ਕੁਮਾਰ ਦੇ ਘਰ ਵਿੱਚ ਜੋਤ ਜਗਾਉਣ ਸਮੇਂ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਘਰ ਦੀ ਔਰਤ ਨੇ ਮੰਦਿਰ 'ਚ ਜੋਤ ਜਗਾਈ ਸੀ। ਜੋਤ ਜਗਾਉਣ ਮਗਰੋਂ ਉਹ ਆਪਣੇ ਬੇਟੇ ਨਾਲ ਕਿਸੇ ਕੰਮ ਦੇ ਸਿਲਸਿਲੇ 'ਚ ਬਾਜਾਰ ਚਲੀ ਗਈ ਤਾਂ ਘਰ 'ਚ ਜੋਤ ਨਾਲ ਪਏ ਕੱਪੜਿਆਂ ਨੂੰ ਅੱਗ ਲੱਗ ਗਈ। ਹੌਲੀ-ਹੌਲੀ ਅੱਗ ਨੇ ਘਰ ਨੂੰ ਆਪਣੀ ਲਪੇਟ ਵਿਚ ਲੈ ਲਿਆ। ਅੱਗ ਬੁਝਾਊ ਵਿਭਾਗ ਨੂੰ ਘਟਨਾ ਦੀ ਸੂਚਨਾ ਦੇ ਦਿੱਤੀ ਗਈ

ਹੈ। ਮੌਕੇ 'ਤੇ ਫਾਇਰ ਵਿਭਾਗ ਦੀਆਂ 5 ਗੱਡੀਆਂ ਅੱਗ 'ਤੇ ਕਾਬੂ ਪਾਉਣ 'ਚ ਜੁਟੀਆਂ ਹੋਈਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਅੱਗ ਬੁਝਾਊ ਵਿਭਾਗ ਦੇ 3 ਕਰਮਚਾਰੀ ਜਖਮੀ ਹੋ ਗਏ ਹਨ। ਜਖਮੀਆਂ ਦੀ ਪਛਾਣ ਮਨਿੰਦਰ ਕੁਮਾਰ ਜੱਸੀ, ਅਭੀ ਗਿੱਲ ਅਤੇ ਰਵਿੰਦਰ ਸਿੰਘ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਤਿੰਨੋਂ ਕੱਚੇ ਮੁਲਾਜਮ ਹਨ। ਅੱਗ 'ਚ ਝੁਲਸਣ ਤੋਂ ਬਾਅਦ ਵੀ ਤਿੰਨੋਂ ਅੱਗ 'ਤੇ ਕਾਬੂ ਪਾਉਣ 'ਚ ਲੱਗੇ ਹੋਏ ਸਨ। ਕਾਫੀ ਮੁਸੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਇਸ ਹਾਦਸੇ 'ਚ ਘਰ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ।

ਪੰਜਾਬ ਸਰਕਾਰ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ 1 ਲੱਖ ਤੋਂ ਵੱਧ ਪਸ਼ੂਆਂ ਦਾ ਟੀਕਾਕਰਨ

ਚੰਡੀਗੜ੍ਹ 27 ਫਰਵਰੀ। ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਸਰਕਾਰੀ ਮਸ਼ੀਨਰੀ 24 ਘੰਟੇ ਸਰਗਰਮੀ ਨਾਲ ਕੰਮ ਕਰ ਰਹੀ ਹੈ। ਪਸ਼ੂ ਪਾਲਣ ਵਿਭਾਗ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ 10 ਜੁਲਾਈ ਤੋਂ 27 ਜੁਲਾਈ ਤੱਕ ਕੁੱਲ 29380 ਪਸ਼ੂਆਂ ਦਾ ਇਲਾਜ ਕੀਤਾ ਜਾ ਚੁੱਕਾ ਹੈ ਜਦਕਿ 1,15,361 ਪਸ਼ੂਆਂ ਦਾ ਟੀਕਾਕਰਨ ਕੀਤਾ ਗਿਆ। ਇਸੇ ਤਰ੍ਹਾਂ ਲੋਕਾਂ ਦੀ ਸਿਹਤ ਨੂੰ ਮੁੱਖ ਤਰਜੀਹ ਦਿੰਦਿਆਂ ਸਿਹਤ ਵਿਭਾਗ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ 24 ਘੰਟੇ ਕੰਮ ਕਰ ਰਹੀਆਂ ਹਨ। ਬੁਲਾਰੇ ਅਨੁਸਾਰ ਹੁਣ ਤੱਕ ਓਪੀਡੀ ਦੀ ਗਿਣਤੀ 1,14,580 ਤੱਕ ਪੁੱਜ ਗਈ ਹੈ। ਮਾਲ ਵਿਭਾਗ ਦੇ

ਰਿਕਾਰਡ ਮੁਤਾਬਿਕ ਹੁਣ ਤੱਕ ਸੂਬੇ ਦੇ ਕੁੱਲ 1475 ਪਿੰਡਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਹੈ। ਹੁਣ ਤੱਕ 27286 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਚੁੱਕਾ ਹੈ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸੂਬੇ ਵਿਚ ਕੁੱਲ 159 ਰਾਹਤ ਕੈਂਪ ਚੱਲ ਰਹੇ ਹਨ, ਜਿਨ੍ਹਾਂ ਵਿਚ 1277 ਲੋਕ ਰਹਿ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਲਗਾਤਾਰ ਲੋਕਾਂ ਨੂੰ ਸੁੱਕੇ ਭੋਜਨ ਦੇ ਪੈਕੇਟ ਵੀ ਵੰਡੇ ਜਾ ਰਹੇ ਹਨ। ਜਿਹੜੇ 19 ਜ਼ਿਲ੍ਹਿਆਂ ਨੇ ਹੜ੍ਹਾਂ ਦੀ ਮਾਰ ਝੱਲੀ ਹੈ ਜਾਂ ਝੱਲ ਰਹੇ ਹਨ ਉਨ੍ਹਾਂ ਵਿਚ ਤਰਨਤਾਰਨ, ਫਿਰੋਜ਼ਪੁਰ, ਫ਼ਤਿਹਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਕਪੂਰਥਲਾ, ਪਟਿਆਲਾ, ਮੋਗਾ, ਲੁਧਿਆਣਾ, ਐੱਸ.ਏ.ਐੱਸ. ਨਗਰ, ਜਲੰਧਰ, ਸੰਗਰੂਰ, ਐੱਸ.ਬੀ.ਐੱਸ. ਨਗਰ, ਫਾਜ਼ਿਲਕਾ, ਗੁਰਦਾਸਪੁਰ, ਮਾਨਸਾ, ਪਠਾਨਕੋਟ ਅਤੇ ਬਠਿੰਡਾ ਸ਼ਾਮਲ ਹਨ। ਵੱਖ-ਵੱਖ ਜ਼ਿਲ੍ਹਿਆਂ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਸੂਬੇ ਵਿਚ ਹੜ੍ਹਾਂ ਕਾਰਨ ਕੁੱਲ 44 ਲੋਕਾਂ ਦੀ ਮੌਤ ਹੋ ਚੁੱਕੀ ਹੈ ਜਦਕਿ 22 ਵਿਅਕਤੀ ਜ਼ਖ਼ਮੀ ਹੋਏ ਹਨ।

ਓਮਾਨ 'ਚ ਔਰਤ ਨੂੰ ਵੇਚਣ ਦੇ ਦਰਜ ਮਾਮਲੇ 'ਚ ਲੋੜੀਂਦੀ ਮੁੱਖ ਮੁਲਜ਼ਮ ਗ੍ਰਿਫ਼ਤਾਰ

ਨਕੋਦਰ 27 ਫਰਵਰੀ। ਸਦਰ ਪੁਲਸ ਨੇ ਓਮਾਨ ਵਿੱਚ ਕੰਮ ਦੇ ਬਹਾਨੇ ਬੁਲਾ ਕੇ ਔਰਤ ਨੂੰ ਵੇਚਣ ਦੇ ਮਾਮਲੇ 'ਚ ਲੋੜੀਂਦੀ ਮੁੱਖ ਮੁਲਜ਼ਮ ਮਹਿਲਾ ਟਰੈਵਲ ਏਜੰਟ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਡੀ . ਐੱਸ . ਪੀ. ਨਕੋਦਰ ਹਰਜਿੰਦਰ ਸਿੰਘ ਅਤੇ ਸਦਰ ਥਾਣਾ ਮੁਖੀ ਇੰਸ. ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਗੁਰਬਖਸ਼ ਕੌਰ ਪਤਨੀ ਲਖਬੀਰ ਸਿੰਘ ਵਾਸੀ ਪਿੰਡ ਗਾਂਧਰਾ ਨਕੋਦਰ ਦੇ ਬਿਆਨਾਂ 'ਤੇ ਸੀਮਾ ਕੁਮਾਰੀ ਪਤਨੀ ਰਿਸੀ ਥਾਪਰ ਅਤੇ ਉਸ ਦੇ ਪਤੀ ਰਿਸੀ ਥਾਪਰ ਦੋਵੇਂ ਵਾਸੀਆਨ ਮੁਹੱਲਾ ਬਾਗਵਾਲਾ ਸਾਹਕੋਟ ਖ?ਿਲਾਫ ਬੀਤੀ 16 ਜੂਨ ਨੂੰ ਥਾਣਾ ਸਦਰ ਨਕੋਦਰ ਵਿਖੇ ਭਾਰਤੀ ਦੰਡਾਵਲੀ ਦੀ ਧਾਰਾ 370 (ਵਿਅਕਤੀ ਦੀ ਤਸਕਰੀ) 370-ਏ (ਤਸਕਰੀ ਵਾਲੇ ਵਿਅਕਤੀ ਦਾ ਸੋਸਣ) 406 (ਭਰੋਸੇ ਦੀ ਉਲੰਘਣਾ) 420 (ਧੋਖਾਧੜੀ) ਅਤੇ 120-ਬੀ (ਅਪਰਾਧਿਕ ਸਾਜ?ਿਸ) ਅਤੇ ਪੰਜਾਬ ਦੀ ਧਾਰਾ 13 ਟਰੈਵਲ ਪ੍ਰੋਫੈਸਨਲ ਰੈਗੂਲੇਸਨ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਕਤ ਮਾਮਲੇ 'ਚ ਨਾਮਜਦ ਲੋੜੀਂਦੀ ਮੁੱਖ ਮੁਲਜ਼ਮ ਸੀਮਾ ਕੁਮਾਰੀ ਪਤਨੀ ਰਿਸੀ ਥਾਪਰ ਵਾਸੀ ਮੁਹੱਲਾ ਬਾਗਵਾਲਾ ਸਾਹਕੋਟ ਨੂੰ ਗ੍ਰਿਫਤਾਰ ਕਰ

ਲਿਆ ਗਿਆ ਹੈ। ਮੁਲਜ਼ਮ ਸੀਮਾ ਕੁਮਾਰੀ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਜਦਕਿ ਉਸ ਦੇ ਪਤੀ ਰਿਸੀ ਥਾਪਰ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਸਦਰ ਪੁਲਸ ਨੂੰ ਦਿੱਤੇ ਬਿਆਨਾਂ 'ਚ ਗੁਰਬਖਸ ਕੌਰ ਪਤਨੀ ਲਖਬੀਰ ਸਿੰਘ ਵਾਸੀ ਪਿੰਡ ਗਾਂਧਰਾ ਨੇ ਦੱਸਿਆ ਕਿ ਸੀਮਾ ਕੁਮਾਰੀ ਪਤਨੀ ਰਿਸੀ ਥਾਪਰ ਵਾਸੀ ਮੁਹੱਲਾ ਬਾਗਵਾਲਾ ਸਾਹਕੋਟ ਨੇ ਉਸ ਨੂੰ ਚੰਗੀ ਤਨਖਾਹ ਦਾ ਝਾਂਸਾ ਦੇ ਕੇ ਵਿਦੇਸ ਓਮਾਨ ਭੇਜਿਆ ਗਿਆ ਸੀ। ਜਦੋਂ ਉਸ ਨੇ ਉੱਥੇ ਆਪਣੇ ਕੰਮ ਦੇ ਬਦਲੇ ਪੈਸਿਆ ਦੀ ਮੰਗ ਕੀਤੀ ਤਾਂ ਉੱਥੇ ਉਸ ਨੂੰ ਪਤਾ ਲੱਗਾ ਕਿ ਸੀਮਾ ਨੇ ਉਸ ਨੂੰ 1000 ਰਾਇਲ ਵਿੱਚ ਵੇਚ ਦਿੱਤਾ ਹੈ। ਜਦ ਉਸ ਨੇ ਇਸ ਸਬੰਧੀ ਸੀਮਾ ਨੂੰ ਪੁੱਛਿਆ ਤਾਂ ਉਸ ਨੇ ਕਿਹਾ ਕਿ ਜੇਕਰ ਤੂੰ ਵਾਪਸ ਇੰਡੀਆ ਜਾਣਾ ਹੈ ਤਾਂ 2 ਲੱਖ ਰੁਪਏ ਦਾ ਇੰਤਜਾਮ ਕਰ ਲੈ ਅਤੇ ਉਸ ਨੂੰ ਉੱਥੇ ਕਾਫੀ ਮਾਨਸਿਕ ਤਸੀਹੇ ਦਿੱਤੇ ਗਏ। 24 ਮਈ ਨੂੰ ਉਹ ਮਸਕਟ (ਓਮਾਨ) ਤੋਂ 1,19,000 ਰੁਪਏ ਸੀਮਾ ਦੇ ਪਤੀ ਰਿਸੀ ਥਾਪਰ ਨੂੰ ਦੇ ਕੇ ਆਪਣੇ ਘਰ ਪਿੰਡ ਗਾਂਧਰਾ ਪੰਜਾਬ ਆ ਗਈ। ਰਿਸੀ ਥਾਪਰ ਉਨ੍ਹਾਂ ਕੋਲੋਂ 40 ਹਜਾਰ ਰੁਪਏ ਹੋਰ ਮੰਗ ਕਰ ਰਿਹਾ ਹੈ। ਜਿਸ 'ਤੇ ਪੁਲਸ ਨੇ ਉਕਤ ਦੋਹਾਂ ਪਤੀ/ਪਤਨੀ ਖ?ਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਲੁਧਿਆਣਾ 'ਚ ਜਬਰਦਸਤ ਗੈਂਗਵਾਰ 'ਚ ਚੱਲੀਆਂ ਗੋਲੀਆਂ, 4 ਥਾਣਿਆਂ ਦੀ ਪੁਲਸ ਜਾਂਚ 'ਚ ਜੁਟੀ

ਲੁਧਿਆਣਾ 27 ਫਰਵਰੀ। ਮੰਗਲਵਾਰ ਦੇਰ ਰਾਤ ਸੁਭਾਨੀ ਬਿਲਡਿੰਗ ਚੌਕ 'ਚ ਸੁਭਮ ਮੋਟਾ ਅਤੇ ਅੰਕੁਰ ਗੈਂਗ ਵਿਚਕਾਰ ਹੋਈ ਗੈਂਗਵਾਰ ਨੂੰ ਲੈ ਕੇ ਪੁਲਸ ਫਿਲਹਾਲ ਚੁੱਪ ਹੈ। ਇਸ ਮਾਮਲੇ 'ਚ ਕਾਰਵਾਈ ਕਰਨ ਲਈ 4 ਥਾਣਿਆਂ ਦੀ ਪੁਲਸ ਮੁਲਜਮਾਂ ਦੀ ਭਾਲ 'ਚ ਲੱਗੀ ਹੋਈ ਹੈ ਪਰ ਫਿਲਹਾਲ ਪੁਲਸ ਦੇ ਹੱਥ ਖਾਲ੍ਹੀ ਹਨ। ਜਦਕਿ ਪੁਲਸ ਨੇ ਕੁਝ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ 'ਚ ਲੈ ਲਿਆ ਹੈ। ਦੂਜੇ ਪਾਸੇ ਹਸਪਤਾਲ 'ਚ ਇਲਾਜ ਲਈ ਦਾਖਲ ਸੁਭਮ ਮੋਟਾ, ਨਦੀਮ ਅਤੇ ਸੌਰਵ ਵੱਲੋਂ ਕੋਈ ਬਿਆਨ ਨਹੀਂ ਦਿੱਤਾ ਗਿਆ, ਜਦਕਿ ਅੰਕੁਰ ਗਰੁੱਪ ਵੱਲੋਂ ਵੀ ਪੁਲਸ ਨੂੰ ਕੋਈ ਬਿਆਨ ਨਹੀਂ ਦਿੱਤਾ ਗਿਆ, ਜਿਸ ਕਾਰਨ ਪੁਲਸ ਨੇ ਇਕ ਧੜੇ ਦੇ 20 ਤੋਂ ਵੱਧ ਅਤੇ ਅੰਕੁਰ ਗਰੁੱਪ ਦੇ ਦਰਜਨ ਦੇ ਕਰੀਬ ਵਿਅਕਤੀਆਂ ਖ?ਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੇ ਇਨ੍ਹਾਂ ਵਿਅਕਤੀਆਂ ਖ?ਿਅਸਲਾ ਐਕਟ, ਕੁੱਟ-ਮਾਰ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ

ਸੋਸ਼ਲ ਮੀਡੀਆ 'ਤੇ ਸਰਗਰਮ ਖ਼ੂਬਸੂਰਤ ਕੁੜੀਆਂ ਤੋਂ ਰਹੋ ਸਾਵਧਾਨ, ਤੁਸੀਂ ਵੀ ਫਸ ਸਕਦੇ ਹੋ ਅਜਿਹੇ ਜਾਲ 'ਚ

ਫਗਵਾੜਾ 27 ਫਰਵਰੀ। ਕੁਝ ਖ਼ੂਬਸੂਰਤ ਅਣਪਛਾਤੀਆਂ ਕੁੜੀਆਂ ਦੇ ਸੋਸਲ ਮੀਡੀਆ 'ਤੇ ਇਕ ਸੋਚੀ ਸਮਝੀ ਸਾਜ਼ਿਸ਼ ਨਾਲ ਬਲੈਕਮੇਲਿੰਗ ਦਾ ਰੈਕੇਟ ਚਲਾਉਣ ਦੇ ਕਈ ਮਾਮਲੇ ਪਿਛਲੇ ਸਾਲਾਂ 'ਚ ਵੇਖਣ ਨੂੰ ਮਿਲੇ ਹਨ, ਜੋ ਕਿ ਗੰਭੀਰ ਚਿੰਤਾ ਦਾ ਵਿਸਾ ਬਣ ਗਏ ਹਨ। ਪੁਲਸ ਰਿਕਾਰਡ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਸੋਸਲ ਮੀਡੀਆ ਦੇ ਵਧਦੇ ਰੁਝਾਨ ਨਾਲ ਇਹੋ ਜਿਹੇ ਅਣਗਿਣਤ ਮਾਮਲੇ ਬੇਨਕਾਬ ਹੋ ਚੁੱਕੇ ਹਨ, ਜਿੱਥੇ ਬੇਕਸੂਰ ਲੋਕਾਂ ਨੂੰ ਕੁਝ ਸ਼ਾਤਰ ਅਣਪਛਾਤੀਆਂ ਕੁੜੀਆਂ ਅਤੇ ਗੈਂਗਸ ਵੱਲੋਂ ਆਪਣੇ ਸਬਦਾਂ ਦੇ ਜਾਲ 'ਚ ਇੰਝ ਫਸਾਇਆ ਜਾਂਦਾ ਹੈ ਕਿ ਇਸ ਦਾ ਸ਼ਿਕਾਰ ਹੋਣ ਵਾਲੇ ਵਿਅਕਤੀ ਨੂੰ ਕਿਸੇ 'ਤੇ ਸੱਕ ਨਹੀਂ ਹੁੰਦਾ ਹੈ ਕਿ ਉਹ ਇਨ੍ਹਾਂ ਦਾ ਸ਼ਿਕਾਰ ਹੋ ਰਹੇ ਹਨ। ਹਾਲ ਹੀ 'ਚ ਮੋਹਾਲੀ ਤੋਂ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਲੁਧਿਆਣਾ ਦੇ ਇਕ ਵੱਡੇ ਸਿਆਸਤਦਾਨ ਦੇ ਪੁੱਤਰ ਸਮੇਤ ਕਈ ਲੋਕਾਂ ਨੂੰ ਸੋਸਲ ਮੀਡੀਆ 'ਤੇ ਆਪਣੀਆਂ ਖ਼ੂਬਸੂਰਤ ਫੋਟੋਆਂ ਅਤੇ ਵੀਡੀਓ ਪਾ ਕੇ ਬਲੈਕਮੇਲ ਕੀਤਾ ਗਿਆ ਹੈ। ਸੋਸਲ ਮੀਡੀਆ ਦੀ ਇਕ ਮਸ਼ਹੂਰ ਐਪ 'ਤੇ ਦੋ ਲੱਖ ਤੋਂ ਵੱਧ ਫਾਲੋਅਰਜ ਵਾਲੀ ਹਸੀਨਾ ਜਸਨੀਤ ਕੌਰ ਜੋ 10ਵੀਂ ਪਾਸ ਹੈ, ਨੂੰ ਹੁਣ ਹਾਲ 'ਚ ਹੀ ਪੰਜਾਬ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰਜ 'ਤੇ ਇਸ ਤੋਂ ਪਹਿਲਾਂ ਵੀ ਪੁਲਸ ਵੱਲੋਂ ਹੋਰ ਵੀ ਕਈ ਮਾਮਲਿਆਂ ਦਾ ਪਰਦਾਫਾਸ ਕੀਤਾ ਗਿਆ ਹੈ। ਸੰਖੇਪ ਵਿਚ ਸੋਸਲ ਮੀਡੀਆ 'ਤੇ ਅਨਜਾਣ ਸੁੰਦਰ ਕੁੜੀਆਂ ਦੇ ਬਲੈਕਮੇਲਿੰਗ ਰੈਕੇਟ ਇਕ ਵੱਧ ਰਹੀ ਚਿੰਤਾ ਹੈ, ਜਿਸ ਨੂੰ ਹੱਲ ਕਰਨ ਦੀ ਸਖਤ ਲੋੜ ਹੈ। ਇਕੱਠਿਆਂ ਕੰਮ ਕਰਕੇ ਅਸੀਂ ਇਨ੍ਹਾਂ ਰੈਕੇਟਾਂ ਨੂੰ ਚਲਾਉਣ ਤੋਂ ਰੋਕਣ ਵਿਚ ਮਦਦ ਕਰ ਸਕਦੇ ਹਾਂ ਅਤੇ ਸੰਭਾਵਿਤ ਪੀੜਤਾਂ ਨੂੰ ਉਨ੍ਹਾਂ ਦੀਆਂ ਯੋਜਨਾਵਾਂ ਦਾ ਸ਼ਿਕਾਰ ਹੋਣ ਤੋਂ ਬਚਾ ਸਕਦੇ ਹਾਂ। ਆਡੀਓ ਅਤੇ ਵੀਡੀਓ ਕਾਲਿੰਗ ਤੋਂ ਲੈ ਕੇ ਸੋਸਲ ਮੀਡੀਆ ਤੱਕ, ਵੱਖ-ਵੱਖ ਤਰ੍ਹਾਂ ਦੀਆਂ ਐਪਸ ਦੀ ਵਰਤੋਂ ਕਰਕੇ ਜੋ ਕੁਝ ਵੀ ਕੀਤਾ ਜਾਂਦਾ ਹੈ, ਉਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੈ। ਇਕ ਵਾਰ ਜਦ ਪੀੜਤ ਵਿਅਕਤੀ ਇਸ 'ਚ ਫਸ ਜਾਂਦਾ ਹੈ ਤਾਂ ਮਜਬੂਰੀ ਵਿਚ ਉਸ ਨੂੰ ਬਲੈਕਮੇਲ ਕਰਕੇ ਵੱਡੀ ਰਕਮ ਦਾ ਭੁਗਤਾਨ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਵਿਦੇਸਾਂ ਸਮੇਤ ਦੇਸ਼ ਵਿਚ ਬਹੁਤ ਸਾਰੇ ਰੈਕੇਟ ਚੱਲ ਰਹੇ ਹਨ, ਜਿਸ ਵਿਚ ਇਨਾਂ ਗੈਂਗਸ ਵੱਲੋਂ ਆਕਰਸਕ ਮੁਟਿਆਰਾਂ ਦੀ ਵਰਤੋਂ ਕਰਕੇ ਮਰਦਾਂ ਨੂੰ ਇਤਰਾਜਯੋਗ ਸਥਿਤੀਆਂ ਵਿਚ ਫਸਾਉਣ ਦਾ ਕੰਮ ਕੀਤਾ ਜਾਂਦਾ ਹੈ ਅਤੇ ਫਿਰ ਪੈਸੇ ਜਾਂ ਹੋਰ ਪੱਖਾਂ ਲਈ ਉਨ੍ਹਾਂ ਨੂੰ ਬਲੈਕਮੇਲ ਕਰਦੇ ਹੋਏ ਬਹੁਤ ਕੁਝ ਕਰਵਾਇਆ ਜਾਂਦਾ ਹੈ। ਸੋਸਲ ਮੀਡੀਆ ਦੇ ਉਭਾਰ ਨੇ ਇਨ੍ਹਾਂ ਰੈਕੇਟਾਂ ਨੂੰ ਚਲਾਉਣਾ ਸੌਖਾ ਬਣਾ ਦਿੱਤਾ ਹੈ, ਕਿਉਂਕਿ ਇਹ ਆਸਾਨੀ ਨਾਲ ਵੱਡੀ ਗਿਣਤੀ 'ਚ ਸੰਭਾਵਿਤ ਪੀੜਤਾਂ ਤੱਕ ਪਹੁੰਚ ਸਕਦੇ ਹਨ। ਬਲੈਕਮੇਲਿੰਗ ਰੈਕੇਟਾਂ ਦਾ ਢੰਗ ਕਾਫੀ ਸਰਲ ਹੈ। ਇਨ੍ਹਾਂ ਵਿਚ ਜਿੱਥੇ ਕਈ ਮੁਟਿਆਰਾਂ ਸਾਮਲ ਹਨ, ਉਥੇ ਹੀ ਕੁਝ ਸ਼ਾਤਰ ਗਿਰੋਹ ਇਸ ਕਾਲੇ ਘਿਨਾਉਣੇ ਧੰਦੇ ਵਿਚ ਸਰਗਰਮ ਹਨ। ਉਹ ਫੇਸਬੁੱਕ, ਇੰਸਟਾਗ੍ਰਾਮ ਅਤੇ ਟਿੰਡਰ ਵਰਗੇ ਸੋਸਲ ਮੀਡੀਆ ਪਲੇਟਫਾਰਮਾਂ 'ਤੇ ਆਕਰਸਕ ਔਰਤਾਂ ਦੇ ਜਾਅਲੀ ਪ੍ਰੋਫਾਈਲ ਬਣਾਉਂਦੇ ਹਨ। ਫਿਰ ਉਹ ਇਨ੍ਹਾਂ ਪ੍ਰੋਫਾਈਲਾਂ ਦੀ ਵਰਤੋਂ ਆਦਮੀਆਂ ਨਾਲ ਜੁੜਨ ਅਤੇ ਉਨ੍ਹਾਂ ਨਾਲ ਗੱਲਬਾਤ ਵਿਚ ਸਾਮਲ ਹੋਣ ਲਈ ਕਰਦਾ ਹੈ। ਸਮੇਂ ਦੇ ਨਾਲ-ਨਾਲ ਗੱਲਬਾਤ ਵਧੇਰੀ ਗੂੜ੍ਹੀ ਹੋ ਜਾਂਦੀ ਹੈ ਅਤੇ ਫੇਰ ਨਗਨ ਫੋਟੋਆਂ ਜਾਂ ਵੀਡੀਓ ਸਾਂਝੀਆਂ ਕਰਨ ਲਈ ਭਰਮਾਏ ਜਾਂਦੇ ਹਨ। ਇਹ ਕੰਮ ਇੰਨੀ ਚਲਾਕੀ ਨਾਲ ਕੀਤਾ ਜਾਂਦਾ ਹੈ ਕਿ ਇਨ੍ਹਾਂ ਦੇ ਸ਼ਿਕਾਰ ਹੋਣ ਵਾਲਿਆਂ ਨੂੰ ਉਦੋਂ ਹੀ ਪਤਾ ਲੱਗਦਾ ਹੈ, ਜਦੋਂ ਉਹ ਉਨ੍ਹਾਂ ਦਾ ਸ਼ਿਕਾਰ ਹੋ ਜਾਂਦੇ ਹਨ। ਇਕ ਵਾਰ ਜਦੋਂ ਇਤਰਾਜਯੋਗ ਸਮੱਗਰੀ ਸਾਂਝੀ ਕਰ ਲਈ

ਹੈ ਤਾਂ ਇਹ ਰੈਕੇਟ ਆਪਣੇ ਅਸਲੀ ਇਰਾਦਿਆਂ ਨੂੰ ਪ੍ਰਗਟ ਕਰਦੇ ਹਨ। ਉਹ ਸ਼ਿਕਾਰ ਕੀਤੇ ਗਏ ਵਿਅਕਤੀ ਦੇ ਦੋਸਤਾਂ ਅਤੇ ਪਰਿਵਾਰ ਨਾਲ ਸਮੱਗਰੀ ਸਾਂਝੀ ਕਰਨ ਦੀ ਧਮਕੀ ਦਿੰਦੇ ਹਨ ਜਾਂ ਇੱਥੋਂ ਤੱਕ ਕਿ ਉਨ੍ਹਾਂ ਨੂੰ ਆਨਲਾਈਨ ਪੋਸਟ ਵੀ ਕਰਦੇ ਹਨ, ਜਦੋਂ ਤੱਕ ਕਿ ਸ਼ਿਕਾਰ ਕੀਤੇ ਗਏ ਵਿਅਕਤੀ ਵੱਲੋਂ ਉਨ੍ਹਾਂ ਨੂੰ ਵੱਡੀ ਰਕਮ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ। ਕੁਝ ਕੁ ਮਾਮਲਿਆਂ 'ਚ ਉਹ ਹੋਰ ਪੱਖਾਂ ਬਾਰੇ ਵੀ ਪੁੱਛ ਰਖਦੇ ਹਨ, ਜਿਵੇਂ ਕਿ ਗੁਪਤ ਜਾਣਕਾਰੀ ਨੂੰ ਲੀਕ ਕਰਨਾ ਜਾਂ ਗੈਰ-ਕਨੂੰਨੀ ਸਰਗਰਮੀਆਂ 'ਚ ਫਸਾ ਦੇਣਾ ਆਦਿ। ਇਨ੍ਹਾਂ ਰੈਕੇਟਾਂ ਦੇ ਸਫਲ ਹੋਣ ਦਾ ਇਕ ਮੁੱਖ ਕਾਰਨ ਇਹ ਹੈ ਕਿ ਇਹ ਆਦਮੀਆਂ ਦੀਆਂ ਕਮਜੋਰੀਆਂ ਦਾ ਸ਼ਿਕਾਰ ਕਰਦੇ ਹਨ। ਬਹੁਤ ਸਾਰੇ ਆਦਮੀ ਜੋ ਇਨ੍ਹਾਂ ਰੈਕੇਟਾਂ ਦਾ ਸ਼ਿਕਾਰ ਹੁੰਦੇ ਹਨ ਉਹ ਇਕੱਲੇ ਹੁੰਦੇ ਹਨ, ਸਾਥ ਦੀ ਭਾਲ ਵਿਚ ਹੁੰਦੇ ਹਨ ਜਾਂ ਆਪਣੀ ਜ਼ਿੰਦਗੀ ਵਿਚ ਥੋੜ੍ਹੀ ਜਿਹੀ ਉਤੇਜਨਾ ਦੀ ਭਾਲ ਵਿਚ ਹੁੰਦੇ ਹਨ ਪਰ ਕੁਝ ਮਾਮਲਿਆਂ ਵਿਚ ਨਿਰਦੋਸ ਲੋਕ ਵਿਆਹੇ ਹੋਏ ਵੀ ਵੇਖਣ 'ਚ ਆਏ ਹਨ, ਜਿਨ੍ਹਾਂ ਦੇ ਬੱਚੇ ਵੀ ਹੋਏ ਹਨ। ਇਨ੍ਹਾਂ ਪ੍ਰੋਫਾਈਲਾਂ ਵਿਚਲੀਆਂ ਔਰਤਾਂ ਅਕਸਰ ਇਨ੍ਹਾਂ ਕਮਜੋਰੀਆਂ 'ਤੇ ਖੇਡਣ ਵਿਚ ਮੁਹਾਰਤ ਰੱਖਦੀਆਂ ਹਨ, ਜੋ ਮਰਦਾਂ ਨੂੰ ਵਿਸੇਸ ਅਤੇ ਇੱਛਤ ਮਹਿਸੂਸ ਕਰਾਉਂਦੀਆਂ ਹਨ। ਇਨ੍ਹਾਂ ਰੈਕੇਟਾਂ ਦੇ ਸਫਲ ਹੋਣ ਦਾ ਇਕ ਹੋਰ ਕਾਰਨ ਇਹ ਹੈ ਕਿ ਇਨ੍ਹਾਂ ਦਾ ਪਤਾ ਲਗਾਉਣਾ ਅਕਸਰ ਮੁਸਕਲ ਹੁੰਦਾ ਹੈ। ਰੈਕੇਟ ਜਾਅਲੀ ਨਾਵਾਂ, ਜਾਅਲੀ ਪ੍ਰੋਫਾਈਲਾਂ ਦੀ ਵਰਤੋਂ ਕਰਦੇ ਹਨ ਅਤੇ ਅਕਸਰ ਉਨ੍ਹਾਂ ਦੇਸਾਂ ਤੋਂ ਕੰਮ ਕਰਦੇ ਹਨ ਜਿੱਥੇ ਕਾਨੂੰਨੀ ਪ੍ਰਣਾਲੀ ਕਮਜੋਰ ਜਾਂ ਭ੍ਰਿਸਟ ਹੁੰਦੀ ਹੈ, ਇਹ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਦੋਸੀਆਂ ਦਾ ਪਤਾ ਲਗਾਉਣਾ ਅਤੇ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣਾ ਚੁਣੌਤੀਪੂਰਨ ਬਣਾਉਂਦਾ ਹੈ। ਬਲੈਕਮੇਲਿੰਗ ਰੈਕੇਟਾਂ ਨੂੰ ਰੋਕਣ ਲਈ ਕੀ ਕੀਤਾ ਜਾ ਸਕਦਾ ਹੈ? ਸਭ ਤੋਂ ਪਹਿਲਾਂ ਉਨ੍ਹਾਂ ਵੱਲੋਂ ਵਰਤੀ ਜਾਂਦੀ ਰਣਨੀਤੀ ਤੋਂ ਜਾਣੂ ਹੋਣਾ ਮਹੱਤਵਪੂਰਨ ਹੈ, ਜੇ ਤੁਹਾਡੇ ਕੋਲ ਸੋਸਲ ਮੀਡੀਆ 'ਤੇ ਕੋਈ ਮਨਮੋਹਕ ਅਜਨਬੀ ਹੈ ਤਾਂ ਹਰ ਪੱਧਰ 'ਤੇ ਸੁਚੇਤ ਰਹੋ ਅਤੇ ਬਹੁਤ ਜ਼ਿਆਦਾ ਨਿੱਜੀ ਜਾਣਕਾਰੀ ਨੂੰ ਬਹੁਤ ਜਲਦੀ ਜਾਹਰ ਨਾ ਕਰੋ। ਜੇ ਤੁਸੀਂ ਉਨ੍ਹਾਂ ਨਾਲ ਗੱਲਬਾਤ ਵਿਚ ਸਾਮਲ ਹੁੰਦੇ ਹੋ ਤਾਂ ਇਹ ਯਾਦ ਰੱਖੋ ਕਿ ਉਹ ਤੁਹਾਨੂੰ ਸਮਝੌਤੇ ਦੀ ਸਥਿਤੀ ਵਿਚ ਲੁਭਾਉਣ ਦੀ ਕੋਸ਼ਿਸ ਕਰ ਸਕਦੇ ਹਨ। ਦੂਜਾ, ਸੋਸਲ ਮੀਡੀਆ ਪਲੇਟਫਾਰਮਾਂ ਨੂੰ ਉਸ ਸਮੱਗਰੀ ਲਈ ਵਧੇਰੇ ਜ਼ਿੰਮੇਵਾਰੀ ਲੈਣ ਦੀ ਲੋੜ ਹੈ, ਜੋ ਉਹ ਆਪਣੀਆਂ ਸਾਈਟਾਂ 'ਤੇ ਪੋਸਟ ਕਰਦੇ ਹਨ। ਉਨ੍ਹਾਂ ਨੂੰ ਜਾਅਲੀ ਪ੍ਰੋਫਾਈਲਾਂ ਦਾ ਪਤਾ ਲਗਾਉਣ ਅਤੇ ਹਟਾਉਣ ਲਈ ਕਿਰਿਆਸੀਲ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਰੈਕੇਟਾਂ ਨੂੰ ਚਲਾਉਣ ਤੋਂ ਰੋਕਣ ਲਈ ਉਨ੍ਹਾਂ ਕੋਲ ਵਧੇਰੇ ਮਜਬੂਤ ਉਪਾਅ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਅਪਰਾਧੀਆਂ ਦਾ ਪਤਾ ਲਗਾਉਣ ਵਿਚ ਸਹਾਇਤਾ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਵਧੇਰੇ ਨੇੜਿਓਂ ਕੰਮ ਕਰਨਾ ਚਾਹੀਦਾ ਹੈ। ਅੰਤ ਵਿਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਇਨ੍ਹਾਂ ਜੁਰਮਾਂ ਨੂੰ ਵਧੇਰੇ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਇਨ੍ਹਾਂ ਮਾਮਲਿਆਂ ਦੀ ਜਾਂਚ ਕਰਨ ਲਈ ਵਧੇਰੇ ਸਰੋਤ ਨਿਰਧਾਰਤ ਕਰਨੇ ਚਾਹੀਦੇ ਹਨ ਅਤੇ ਵਿਦੇਸਾਂ ਤੋਂ ਕੰਮ ਕਰਨ ਵਾਲੇ ਅਪਰਾਧੀਆਂ ਦਾ ਪਤਾ ਲਗਾਉਣ ਲਈ ਦੂਜੇ ਦੇਸਾਂ ਨਾਲ ਵਧੇਰੇ ਨੇੜਿਓਂ ਕੰਮ ਕਰਨਾ ਚਾਹੀਦਾ ਹੈ ਅਤੇ ਜਿਹੜੇ ਗੈਂਗ ਦੇਸ਼ 'ਚ ਚਲ ਰਹੇ ਹਨ ਉਨ੍ਹਾਂ 'ਤੇ ਕਰੜੀ ਨੁਕੇਲ ਕੱਸਨੀ ਚਾਹੀਦੀ ਹੈ ਅਤੇ ਪੀੜਤਾਂ ਨੂੰ ਵਧੇਰੇ ਸਹਾਇਤਾ ਵੀ ਪ੍ਰਦਾਨ ਕਰਨੀ ਚਾਹੀਦੀ ਹੈ, ਜੋ ਇਨ੍ਹਾਂ ਰੈਕੇਟਾਂ ਦਾ ਸ਼ਿਕਾਰ ਹੋਣ ਤੋਂ ਬਾਅਦ ਅਕਸਰ ਸਰਮ ਅਤੇ ਸਰਮਿੰਦਗੀ ਤੋਂ ਪੀੜਤ ਹੁੰਦੇ ਹਨ।

ਪੁਰਾਣੀ ਰੰਜਿਸ਼ ਦਾ ਖੌਫਨਾਕ ਅੰਤ, ਔਰਤ ਨੇ ਇੱਟ ਮਾਰ ਕੇ ਕੀਤਾ ਵਿਅਕਤੀ ਦਾ ਕਤਲ

ਸਮਾਣਾ 16 ਜੁਲਾਈ। ਸਬ-ਡਵੀਜਨ ਦੇ ਪਿੰਡ ਕਾਹਨਗੜ੍ਹ ਭੂਤਨਾ ਵਿਖੇ ਇਕ ਔਰਤ ਨੇ ਵਿਅਕਤੀ ਦੇ ਮੱਥੇ 'ਚ ਇੱਟ ਮਾਰ ਕੇ ਕਤਲ ਕਰ ਦਿੱਤਾ ਹੈ। ਮਾਮਲੇ ਸਬੰਧੀ ਸਦਰ ਪੁਲਸ ਮੁਖੀ ਗੁਰਸੇਵਕ ਸਿੰਘ ਨੇ ਦੱਸਿਆ ਕਿ ਮ੍ਰਿਤਕ ਜਗਦੇਵ ਸਿੰਘ (40) ਦੀ ਪਤਨੀ ਗੁਰਜੀਤ ਕੌਰ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਉਸ ਦਾ ਪਤੀ ਸੁਸਾਇਟੀ 'ਚੋਂ ਬੁੱਧਵਾਰ ਦੁਪਹਿਰ ਨੂੰ ਡਿਊਟੀ ਕਰ ਕੇ ਜਦੋਂ ਵਾਪਸ ਘਰ ਆ ਰਿਹਾ ਸੀ ਤਾਂ ਰਸਤੇ 'ਚ ਸਿੰਦਰਪਾਲ ਕੌਰ ਨਾਮੀ ਔਰਤ ਨਾਲ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਿਆ। ਇਸ ਦੌਰਾਨ ਸਿੰਦਰਪਾਲ ਕੌਰ ਨੇ ਉਸ ਦੇ ਮੱਥੇ ਵਿਚ ਇੱਟ ਮਾਰੀ, ਜਿਸ ਨਾਲ ਉਹ ਗੰਭੀਰ ਜਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਪਿੰਡ

ਵਾਸੀਆਂ ਵੱਲੋਂ ਸਿਵਲ ਹਸਪਤਾਲ ਲੈ ਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਦੇ ਮੱਥੇ 'ਤੇ ਟਾਂਕੇ ਲਗਾਉਣ ਉਪਰੰਤ ਦਵਾਈ ਦੇ ਕੇ ਘਰ ਭੇਜ ਦਿੱਤਾ। ਕਰੀਬ ਬੁੱਧਵਾਰ ਰਾਤ 12 ਵਜੇ ਮੌਤ ਹੋ ਗਈ, ਉਸ ਨੇ ਤਕਰਾਰ ਦੀ ਵਜਾ ਪੁਰਾਣੀ ਰੰਜਿਸ਼ ਦੱਸਿਆ। ਜਾਂਚ ਅਧਿਕਾਰੀ ਅਨੁਸਾਰ ਉਕਤ ਔਰਤ ਦੇ ਬਿਆਨਾਂ ਦੇ ਆਧਾਰ 'ਤੇ ਸਿੰਦਰਪਾਲ ਕੌਰ ਖ਼ਿਲਾਫ ਮਾਮਲਾ ਦਰਜ ਕਰਕੇ ਉਸਦੀ ਭਾਲ ਸ਼ੁਰੂ ਕਰ ਦਿੱਤੀ। ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਿਸਾਂ ਹਵਾਲੇ ਕਰ ਦਿੱਤਾ ਹੈ।

ਫਰੀਦਕੋਟ ਮਾਰਡਨ ਜੇਲ੍ਹ ਦੇ ਕੈਦੀ ਦਾ ਵੱਡਾ ਕਾਰਾ, ਮਾਮਲਾ ਜਾਣ ਰਹਿ ਜਾਵੋਗੇ ਹੈਰਾਨ

ਫ਼ਰੀਦਕੋਟ 27 ਫਰਵਰੀ। ਸਥਾਨਕ ਮਾਡਰਨ ਜੇਲ੍ਹ ਦੇ ਇੱਕ ਕੈਦੀ ਵੱਲੋਂ ਜੇਲ੍ਹ ਵਿੱਚੋਂ ਹੀ ਮੋਬਾਇਲ ਰਾਹੀਂ ਆਪਣੀ ਫ਼ੇਸਬੁੱਕ ਆਈ. ਡੀ 'ਤੇ ਅਸ਼ਲੀਲ ਵੀਡੀਓ ਅਪਲੋਡ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸਦੀ ਇਸ ਹਰਕਤ ਨੇ ਉਸ ਤੱਕ ਸਿਮ ਪਹੁੰਚਾਉਣ ਵਾਲੀ ਉਸਦੀ ਭੈਣ ਨੂੰ ਵੀ ਮੁਸੀਬਤ ਵਿੱਚ ਪਾ ਦਿੱਤਾ ਹੈ। ਜਾਣਕਾਰੀ ਮੁਤਾਬਕ ਕੈਦੀ ਅਤੇ ਉਸਦੀ ਭੈਣ ਖ਼ਿਲਾਫ਼ ਸਥਾਨਕ ਥਾਣਾ ਸਿਟੀ ਵਿਖੇ ਅਧੀਨ ਧਾਰਾ 42/52ਏ ਜੇਲ੍ਹ ਐਕਟ ਅਤੇ 66ਈ/67/67ਏ ਇਨਫਰਮੇਸ਼ਨ ਟੈਕਨਾਲੌਜੀ ਐਕਟ ਤਹਿਤ ਮਾਮਲਾ ਨੰਬਰ 120 ਦਰਜ ਕਰ ਲਿਆ ਗਿਆ ਹੈ। ਏ. ਆਈ. ਜੀ ਆਫ਼ ਪੁਲਸ ਸਟੇਟ ਕਰਾਇਮ ਫੋਸ-4 ਐੱਸ. ਐੱਸ.ਨਗਰ ਦੀ ਹਦਾਇਤ 'ਤੇ ਇਸ ਮਾਮਲੇ ਵਿੱਚ ਇਨਚਾਰਜ ਸਾਈਬਰ ਸੈੱਲ ਵੱਲੋਂ ਕੀਤੀ ਗਈ ਪੜਤਾਲ ਉਪਰੰਤ ਇਹ ਤੱਥ ਸਾਹਮਣੇ ਆਏ ਕਿ ਕੈਦੀ ਅਕਾਸ਼ਦੀਪ ਸਿੰਘ ਉਰਫ਼ ਗੋਲੂ ਪੁੱਤਰ ਗੁਰਮੇਲ ਸਿੰਘ ਵਾਸੀ ਸੇਖਾਂ ਵਾਲਾ ਚੌਕ ਨੇੜੇ ਪੁਲੀ ਮੋਗਾ ਦੀ ਭੈਣ ਨੇ ਆਪਣੇ ਆਪਣੇ ਆਧਾਰ ਕਾਰਡ 'ਤੇ ਸਿਮ ਲੈ ਕੇ ਜੇਲ੍ਹ 'ਚ ਬੰਦ ਆਪਣੇ ਭਰਾ ਤੱਕ ਪਹੁੰਚਾਈ ਸੀ। ਬੰਦੀ ਅਕਾਸ਼ਦੀਪ ਸਿੰਘ ਨੇ ਜੇਲ੍ਹ ਵਿੱਚ ਮੋਬਾਇਲ ਰੱਖਣ ਦੀ ਸੂਰਤ ਵਿੱਚ ਇੱਕ ਅਸ਼ਲੀਲ ਵੀਡੀਓ ਆਪਣੀ ਫੇਸਬੁੱਕ ਆਈ. ਡੀ 'ਤੇ ਅਪਲੋਡ ਕਰ ਦਿੱਤੀ, ਜਿਸ ਤਹਿਤ ਪੁਲਸ ਵੱਲੋਂ ਭੈਣ-ਭਰਾ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

ਇੰਤਜਾਰ ਖਤਮ, ਪੰਜਾਬ ਸਕੂਲ ਸਿੱਖਿਆ ਬੋਰਡ ਨੇ ਐਲਾਨਿਆ 5ਵੀਂ ਦਾ ਨਤੀਜਾ, ਇੰਝ ਕਰੋ ਚੈੱਕ

ਚੰਡੀਗੜ੍ਹ 27 ਫਰਵਰੀ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 5ਵੀਂ ਜਮਾਤ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ। ਦੱਸ ਦੇਈਏ ਕਿ ਰਿਜਲਟ ਦੀ ਵੈਬਸਾਈਟ 'ਤੇ ਅਪਲੋਡ ਕਰ ਦਿੱਤਾ ਗਿਆ ਹੈ। ਇਹ ਨਤੀਜਾ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਡਾ. ਵਰਿੰਦਰ ਭਾਟੀਆ ਵੱਲੋਂ ਐਲਾਨਿਆ ਗਿਆ ਹੈ। ਡਾਕਟਰ ਭਾਟੀਆ ਨੇ ਦੱਸਿਆ ਕਿ ਇਸ ਵਾਰ ਪੰਜਵੀਂ ਜਮਾਤ ਦੀ ਪ੍ਰੀਖਿਆ ਵਿੱਚ ਕੁੱਲ 293847 ਪ੍ਰੀਖਿਆਰਥੀ ਬੈਠੇ ਸਨ,ਜਿਨ੍ਹਾਂ ਵਿੱਚੋਂ 292947 ਵਿਦਿਆਰਥੀ ਪਾਸ ਹੋਏ ਹਨ ਤੇ ਨਤੀਜੇ ਦੀ ਪਾਸ ਪ੍ਰਤੀਸਤਤਾ 99.69 ਫੀਸਦੀ ਰਹੀ। ਜਿਹੜੇ ਪ੍ਰੀਖਿਆਰਥੀ ਇਸ ਵਾਰੀ ਪਾਸ ਨਹੀਂ ਹੋ ਸਕੇ, ਉਨ੍ਹਾਂ ਲਈ ਦੋ ਮਹੀਨੇ ਬਾਅਦ ਦੁਬਾਰਾ ਸਪਲੀਮੈਂਟਰੀ ਪ੍ਰੀਖਿਆ ਹੋਵੇਗੀ। ਦੱਸਣਯੋਗ ਹੈ ਕਿ ਸੂਬੇ ਭਰ 'ਚ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੇ 100 ਫੀਸਦੀ ਅੰਕ ਹਾਸਲ ਕੀਤੇ ਹਨ, ਜਿਸ ਵਿੱਚ ਮਾਨਸਾ ਜ਼ਿਲ੍ਹੇ ਦੀ ਰਹਿਣ ਵਾਲੀ ਜਸਪ੍ਰੀਤ ਕੌਰ ਪੁੱਤਰੀ ਜਰਨੈਲ ਸਿੰਘ ਨੇ ਪਹਿਲਾ, ਮਾਨਸਾ ਦੀ ਨਵਦੀਪ ਕੌਰ ਪੁੱਤਰੀ ਕਰਮਜੀਤ ਸਿੰਘ ਨੇ ਦੂਜਾ ਸਥਾਨ ਤੇ ਫਰੀਦਕੋਟ ਦੇ ਰਹਿਣ ਵਾਲੇ ਗੁਰਨੂਰ ਸਿੰਘ ਪੁੱਤਰ ਨੇ ਤੀਜਾ ਸਥਾਨ ਹਾਸਲ ਕੀਤਾ ਹੈ।

ਨਹਿਰ 'ਚੋਂ ਮਿਲੀ 22 ਸਾਲਾ ਅਣਪਛਾਤੀ ਕੁੜੀ ਦੀ ਲਾਸ਼, ਫੈਲੀ ਸਨਸਨੀ

ਮੋਗਾ 27 ਫਰਵਰੀ। ਬੱਧਨੀ ਕਲਾਂ ਪੁਲਸ ਨੇ ਰਾਊਕੇ ਅਤੇ ਰਣੀਆਂ ਵਿਚਕਾ

ਸੁਪਰੀਮ ਕੋਰਟ ਨੇ ਤਿੰਨ ਨਵੇਂ ਅਪਰਾਧਕ ਕਾਨੂੰਨਾਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਕੀਤੀ ਖਾਰਜ

ਨਵੀਂ ਦਿੱਲੀ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਇਕ ਜੁਲਾਈ ਤੋਂ ਲਾਗੂ ਹੋਣ ਵਾਲੇ ਤਿੰਨ ਨਵੇਂ ਅਪਰਾਧਕ ਕਾਨੂੰਨ-ਭਾਰਤੀ ਨਿਆਂ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਕੋਡ ਅਤੇ ਭਾਰਤੀ ਸਬੂਤ ਐਕਟ, ਨੂੰ ਚੁਣੌਤੀ ਦੇਣ ਵਾਲੀ ਇਕ ਜਨਹਿੱਤ ਪਟੀਸ਼ਨ (ਪੀ.ਆਈ.ਐੱਲ.) 'ਤੇ ਸੁਣਵਾਈ ਕਰਨ ਤੋਂ ਸੋਮਵਾਰ ਨੂੰ ਇਨਕਾਰ ਕਰ ਦਿੱਤਾ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਅਤੇ ਜੱਜ ਜੇ.ਬੀ. ਪਾਰਦੀਵਾਲਾ ਅਤੇ ਜੱਜ ਮਨੋਜ ਮਿਸ਼ਰਾ ਦੀ ਬੈਂਚ ਨੇ ਚੇਨਈ ਵਾਸੀ ਟੀ.

ਸ਼ਿਵਗਿਆਨਸੰਬੰਦਨ ਦੀ ਜਨਹਿੱਤ ਪਟੀਸ਼ਨ ਨੂੰ ਇਸ ਆਧਾਰ 'ਤੇ ਖਾਰਜ ਕਰ ਦਿੱਤਾ ਕਿ ਉਨ੍ਹਾਂ ਦਾ ਇਸ ਮਾਮਲੇ 'ਚ ਕੋਈ ਲੈਣਾ-ਦੇਣਾ ਨਹੀਂ ਹੈ।

ਚੀਫ਼ ਜਸਟਿਸ ਨੇ ਪਟੀਸ਼ਨ ਖਾਰਜ ਕਰਦੇ ਹੋਏ ਕਿਹਾ,"ਨਵੇਂ ਅਪਰਾਧਕ ਕਾਨੂੰਨਾਂ ਨੂੰ ਚੁਣੌਤੀ ਦੇਣ ਵਾਲੇ ਤੁਸੀਂ ਕੌਣ ਹੁੰਦੇ ਹੋ? ਇਸ ਮਾਮਲੇ 'ਚ ਤੁਹਾਨੂੰ ਪਟੀਸ਼ਨ ਦਾਇਰ ਕਰਨ ਦਾ ਕੋਈ ਅਧਿਕਾਰ ਨਹੀਂ ਹੈ।" ਜਨਹਿੱਤ ਪਟੀਸ਼ਨ 'ਚ ਕੇਂਦਰੀ ਗ੍ਰਹਿ ਅਤੇ ਕਾਨੂੰਨ ਅਤੇ ਨਿਆਂ ਮੰਤਰਾਲਿਆਂ ਨੂੰ ਪੱਖਕਾਰ ਬਣਾਇਆ ਗਿਆ ਸੀ। ਭਾਰਤੀ ਨਿਆਂ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਕੋਡ ਅਤੇ ਭਾਰਤੀ ਸਬੂਤ ਐਕਟ ਦੇਸ਼ 'ਚ ਅਪਰਾਧਕ ਨਿਆਂ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲਣ ਲਈ ਤਿਆਰ ਕੀਤੇ ਗਏ ਹਨ ਅਤੇ ਇਸ ਸਾਲ ਇਕ ਜੁਲਾਈ ਤੋਂ ਲਾਗੂ ਹੋਣਗੇ।

ਮਿਸ਼ਨ ਰੋਜ਼ਗਾਰ: ਦੋ ਸਾਲਾਂ ਵਿੱਚ ਮੁੱਖ ਮੰਤਰੀ ਨੇ ਪੰਜਾਬ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ 40,000 ਤੋਂ ਵੱਧ ਪਰਿਵਾਰਾਂ ਦਾ ਜੀਵਨ ਰੁਸ਼ਨਾਇਆ

ਚੰਡੀਗੜ੍ਹ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਮਿਸ਼ਨ ਰੋਜ਼ਗਾਰ' ਨੂੰ ਜਾਰੀ ਰੱਖਦੇ ਹੋਏ ਅੱਜ ਵੱਖ-ਵੱਖ ਵਿਭਾਗਾਂ ਵਿੱਚ ਨਵੇਂ ਭਰਤੀ ਹੋਏ 457 ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ। ਇਸ ਭਰਤੀ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗਠਨ ਤੋਂ ਲੈ ਕੇ ਹੁਣ ਤੱਕ 40,000 ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਇਨ੍ਹਾਂ ਦੇ ਪਰਿਵਾਰਾਂ ਦੇ ਜੀਵਨ ਨੂੰ ਰੁਸ਼ਨਾਇਆ ਹੈ। ਅੱਜ ਇੱਥੇ ਮਿਊਂਸਪਲ ਭਵਨ ਵਿਖੇ ਨਿਯੁਕਤੀ ਪੱਤਰ ਵੰਡਣ ਮੌਕੇ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਦਾ ਅਨਿੱਖੜਵਾਂ ਅੰਗ ਬਣਾਉਣ ਲਈ ਵੱਡੇ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਵਿੱਚ ਏਨੀ ਬਰਕਤ ਹੈ ਕਿ ਇੱਥੇ ਵੀ ਕੁਝ ਵੀ ਪੈਦਾ ਕੀਤਾ ਜਾ ਸਕਦਾ ਹੈ ਕਿਉਂਕਿ ਇੱਥੋਂ ਦੇ ਲੋਕਾਂ ਨੂੰ ਸਖ਼ਤ ਮਿਹਨਤ ਅਤੇ ਸਮਰਪਿਤ ਭਾਵਨਾ ਦੇ ਅਮਿੱਟ ਜਜ਼ਬੇ ਦੀ ਬਖਸ਼ਿਸ਼ ਪ੍ਰਾਪਤ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਧਰਤੀ ਵਿੱਚ ਅਥਾਹ ਸਮਰੱਥਾ ਹੈ ਜਿਸ ਕਾਰਨ ਸੂਬਾ ਸਰਕਾਰ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਸਿਰਤੋੜ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਭਰਤੀ ਕੀਤੇ

ਉਮੀਦਵਾਰਾਂ ਵਿੱਚ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ 20 ਜੂਨੀਅਰ ਡਰਾਫਟਮੈਨ, ਪਸ਼ੂ ਪਲਾਣ ਵਿਭਾਗ ਵਿੱਚ ਡੇਅਰੀ ਵਿਕਾਸ ਅਫਸਰ, ਕਲਰਕ, ਇੰਕੂਬੇਟਰ ਅਪਰੇਟਰ ਅਤੇ ਮਸ਼ੀਨ ਅਪਰੇਟਰਾਂ ਸਣੇ 32 ਮੁਲਾਜ਼ਮ, ਯੁਵਕ ਸੇਵਾਵਾਂ ਵਿਭਾਗ ਵਿੱਚ ਛੇ ਸਟੈਨੋ-ਟਾਈਪਿਸਟ, ਕਰ ਤੇ ਆਬਕਾਰੀ ਵਿਭਾਗ ਵਿੱਚ ਕਲਰਕ ਲੀਗਲ, ਅਕਾਊਂਸ ਅਤੇ ਆਈ.ਟੀ. ਸਣੇ 129 ਮੁਲਾਜ਼ਮ, ਖੁਰਾਕ ਤੇ ਸਿਵਲ ਸਪਲਾਈਜ਼ ਮਾਮਲਿਆਂ ਵਿੱਚ 8 ਸਟੈਨੋ-ਟਾਈਪਿਸਟ, ਸੂਚਨਾ ਤੇ ਲੋਕ ਸੰਪਰਕ ਵਿਭਾਗ ਵਿੱਚ ਇਕ ਕਲਰਕ, ਵਿੱਤ ਵਿਭਾਗ ਵਿੱਚ ਕਲਰਕ, ਸਟੈਨੋ-ਟਾਈਪਿਸਟ ਤੇ ਸੈਕਸ਼ਨ ਅਫਸਰਾਂ ਸਣੇ 36 ਮੁਲਾਜ਼ਮ, ਲੋਕ ਨਿਰਮਾਣ ਵਿਭਾਗ ਵਿੱਚ 24 ਜੂਨੀਅਰ ਡਰਾਫਟਮੈਨ, ਮਕਾਨ ਤੇ ਸ਼ਹਿਰੀ ਵਿਕਾਸ ਵਿੱਚ 41 ਕਲਰਕ, ਜਲ ਸਰੋਤ ਵਿਭਾਗ ਵਿੱਚ 79 ਸਟੈਨੋ-ਟਾਈਪਿਸਟ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਸਟਾਫ ਨਰਸ, ਕਲਰਕ ਅਤੇ ਚੌਥਾ ਦਰਜਾ ਸਮੇਤ 9 ਮੁਲਾਜ਼ਮ, ਪਾਵਰਕਾਮ ਵਿੱਚ ਐਸਿਸਟੈਂਟ ਇੰਜਨੀਅਰ, ਐਸਿਸਟੈਂਟ ਮੈਨੇਜਕ ਅਤੇ ਕਲਰਕ ਸਮੇਤ 65 ਮੁਲਾਜ਼ਮ ਅਤੇ ਮੈਡੀਕਲ ਸਿੱਖਿਆ ਤੇ ਹੋਰ ਵਿਭਾਗਾਂ ਵਿੱਚ ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ ਅਤੇ ਐਸਿਸਟੈਂਟ ਪ੍ਰੋਫੈਸਰ ਸਣੇ 7 ਮੁਲਾਜ਼ਮ ਹਾਜ਼ਰ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਸਿੱਖ ਗੁਰੂਆਂ ਨੇ ਸਾਨੂੰ ਜਬਰ-ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਦਾ ਸੰਦੇਸ਼ ਦਿੱਤਾ ਹੈ ਅਤੇ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਸੂਬਾ ਸਰਕਾਰ ਸਰਕਾਰੀ ਨੌਕਰੀਆਂ ਦੀ ਭਰਤੀ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਤਾਂ ਕਿ ਕਿਸੇ ਨਾਲ ਵੀ ਅਨਿਆਂ ਨਾ ਹੋਵੇ। ਉਨ੍ਹਾਂ ਕਿਹਾ ਕਿ ਇਸ ਮਿਊਂਸਪਲ ਭਵਨ ਵਿੱਚ ਅਜਿਹੇ ਕਈ ਸਮਾਗਮ ਹੋ ਚੁੱਕੇ ਹਨ, ਜਿਨ੍ਹਾਂ 'ਚ ਨੌਜਵਾਨਾਂ ਨੂੰ ਵੱਖ-ਵੱਖ ਸਰਕਾਰੀ ਵਿਭਾਗਾਂ 'ਚ ਨੌਕਰੀਆਂ ਮਿਲੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਨੌਜਵਾਨਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਨੇ ਕਿਹਾ, ਮੇਰੇ ਲਈ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ 40,000 ਤੋਂ ਵੱਧ ਨੌਜਵਾਨਾਂ ਨੂੰ ਨਿਰੋਲ ਯੋਗਤਾ ਦੇ ਆਧਾਰ 'ਤੇ ਚੁਣਿਆ ਗਿਆ ਹੈ। ਸਾਡਾ ਮਕਸਦ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹਦਿਆਂ ਪੰਜਾਬ ਛੱਡ ਕੇ ਜਾਣ ਵਾਲੇ ਨੌਜਵਾਨਾਂ ਦੀ ਵਤਨ ਵਾਪਸੀ ਨੂੰ ਯਕੀਨੀ ਬਣਾਉਣਾ ਹੈ। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਵੱਡੀ ਗਿਣਤੀ ਨੌਜਵਾਨ ਜੋ ਪਹਿਲਾਂ ਵਿਦੇਸ਼ ਜਾਣ ਦੀ ਯੋਜਨਾ ਘੜ ਰਹੇ ਸਨ, ਹੁਣ ਮੁਕਾਬਲੇ ਦੀਆਂ ਪ੍ਰੀਖਿਆਵਾਂ ਰਾਹੀਂ ਸਰਕਾਰੀ ਨੌਕਰੀਆਂ ਲਈ ਤਿਆਰੀ ਕਰ ਰਹੇ ਹਨ।

ਮੁੱਖ ਮੰਤਰੀ ਨੇ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਮਿਸ਼ਨਰੀ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨ ਦਾ ਸੱਦਾ ਦਿੱਤਾ ਕਿਉਂਕਿ ਹੁਣ ਉਹ ਸਰਕਾਰ ਦੇ ਪਰਿਵਾਰ ਦੇ ਮੈਂਬਰ ਬਣ ਚੁੱਕੇ ਹਨ। ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਮੁਖਾਤਿਬ ਹੁੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਆਪਣੀ ਕਲਮ ਰਾਹੀਂ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮਦਦ ਕਰੋਗੇ।

70 ਲੱਖ ਰੁਪਏ ਖਰਚ ਕਰਕੇ ਲੋਕਾਂ ਨੂੰ ਜਲਦੀ ਹੀ ਸਮਰਪਿਤ ਕੀਤਾ ਜਾਵੇਗਾ ਏ.ਪੀ.ਕੇ. ਰੋਡ : ਕਟਾਰੂਚੱਕ

ਪਠਾਨਕੋਟ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਇੰਦਰਜੀਤ ਪਵਨ) ਅੱਜ ਏਪੀਕੇ ਰੋਡ ਤੋਂ ਡੀਏਵੀ ਸਕੂਲ ਝਾਖੋਲਾਹੜੀ ਤੋਂ ਡਿਬਕੂ ਧਲੋਰੀਆਂ ਕਟਾਰੂਚੱਕ ਤੋਂ ਹੁੰਦੇ ਹੋਏ ਫਰੀਦਾਨਗਰ ਤੱਕ ਜਾਣ ਵਾਲੇ ਕਰੀਬ 4.5 ਕਿਲੋਮੀਟਰ ਮਾਰਗ ਦਾ ਨਵਨਿਰਮਾਣ ਕਰਨ ਲਈ ਕਾਰਜ ਦੀ ਸ਼ੁਰੂਆਤ ਕੀਤੀ ਗਈ ਹੈ, ਅਤੇ ਕਰੀਬ 70 ਲੱਖ ਰੁਪਏ ਦੀ ਲਾਗਤ ਨਾਲ ਲੋਕਾਂ ਨੂੰ ਇੱਕ ਵਧੀਆ ਸੜਕ ਮਿਲ ਸਕੇਗੀ।

ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਪਿੰਡ ਡਿਬਕੂ ਧਲੋਰੀਆਂ ਵਿਖੇ ਉਪਰੋਕਤ ਸੜਕ ਦੇ ਨਵਨਿਰਮਾਣ ਕਾਰਜ ਦਾ ਉਦਘਾਟਣ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਬਲਾਕ ਪ੍ਰਧਾਨ ਪਵਨ ਕੁਮਾਰ ਫੋਜੀ, ਠਾਕੁਰ ਭੁਪਿੰਦਰ ਸਿੰਘ, ਵਰਿੰਦਰ ਭਾਰਦਵਾਜ, ਗੁਰਭੇਜ ਸਿੰਘ , ਰਵਿੰਦਰ ਕੁਮਾਰ , ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜਰ ਸਨ।

ਇਸ ਮੌਕੇ ਤੇ ਸੰਬੋਧਤ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਅੰਦਰ ਕਾਫੀ ਲੰਮੇ ਸਮੇਂ ਤੋਂ ਸੜਕਾਂ ਦੀ ਬਹੁਤ ਹੀ ਮਾੜੀ ਹਾਲਤ ਸੀ ਅਤੇ ਹੁਣ ਇੱਕ ਇੱਕ ਕਰਕੇ ਇਨ੍ਹਾਂ ਖਸਤਾ ਹਾਲਤ ਸੜਕਾਂ ਦੇ ਨਵਨਿਰਮਾਣ ਕਾਰਜ ਆਰੰਭ ਕੀਤੇ ਜਾ ਰਹੇ ਹਨ । ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਨਿਰੰਤਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਲੀਹ ਤੋਂ ਉਤਰਿਆ ਪੰਜਾਬ ਮਿਲਿਆ ਸੀ ਅਤੇ ਹੁਣ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਂਣ ਦੇ ਲਈ ਮੁੱਖ ਮੰਤਰੀ ਪੰਜਾਬ ਵੱਲੋਂ ਵਿਸੇਸ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਇਹ ਰੋਡ ਕਰੀਬ 70 ਲੱਖ ਰੁਪਏ ਖਰਚ ਕਰਕੇ ਕਰੀਬ 4.5 ਕਿਲੋਮੀਟਰ ਸੜਕ ਦਾ ਨਵਨਿਰਮਾਣ ਕੀਤਾ ਜਾਣਾ ਹੈ । ਉਨ੍ਹਾਂ ਕਿਹਾ ਕਿ ਇਸ ਮਾਰਗ ਦਾ ਨਿਰਮਾਣ ਕਰ ਰਹੇ ਠੇਕੇਦਾਰ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਰੋਡ ਦਾ ਨਿਰਮਾਣ ਵਧੀਆ ਢੰਗ ਨਾਲ ਕੀਤਾ ਜਾਵੇ ਅਤੇ ਕਿਸੇ ਤਰ੍ਹਾਂ ਦੀ ਅਣਗਹਿਲੀ ਨਾ ਕੀਤੀ ਜਾਵੇ।

ਬੋਲ ਪੰਜਾਬ ਦੇ-2024 ਪ੍ਰੋਗਰਾਮ 28 ਫ਼ਰਵਰੀ ਨੂੰ, ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਕਰਨਗੇ ਉਦਘਾਟਨ

ਚੰਡੀਗੜ੍ਹ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਕੱਤਰੇਤ ਕਲਚਰਲ ਸੁਸਾਇਟੀ, ਚੰਡੀਗੜ੍ਹ ਵੱਲੋਂ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ 28 ਫ਼ਰਵਰੀ ਨੂੰ ਸਿਲਵਰ ਜੁਬਲੀ ਪ੍ਰੋਗਰਾਮ ÷ਬੋਲ ਪੰਜਾਬ ਦੇ-2024÷ ਕਰਵਾਇਆ ਜਾ ਰਿਹਾ ਹੈ। ਟੈਗੋਰ ਥੀਏਟਰ ਵਿਖੇ ਹੋਣ ਵਾਲੇ ਇਸ ਸਿਲਵਰ ਜੁਬਲੀ ਪ੍ਰੋਗਰਾਮ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਬਤੌਰ ਮੁੱਖ ਮਹਿਮਾਨ ਸ਼ਾਮਲ

ਹੋਣਗੇ ਅਤੇ ਸਮਾਗਮ ਦਾ ਉਦਘਾਟਨ ਕਰਨਗੇ। ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਸਕੱਤਰੇਤ ਕਲਚਰਲ ਸੁਸਾਇਟੀ ਦੇ ਪ੍ਰਧਾਨ ਸ੍ਰੀ ਰੁਪਿੰਦਰ ਪਾਲ ਨੇ ਦੱਸਿਆ ਕਿ ਸਮਾਗਮ ਸ਼ਾਮ 6:30 ਵਜੇ ਸ਼ੁਰੂ ਹੋਵੇਗਾ ਜਿਸ ਵਿੱਚ ਕੈਬਨਿਟ ਮੰਤਰੀ ਤੋਂ ਇਲਾਵਾ ਸੀਨੀਅਰ ਅਧਿਕਾਰੀ ਹਾਜ਼ਰੀ ਭਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਵਿੱਚ ਪ੍ਰਸਿੱਧ ਫ਼ਿਲਮੀ ਅਦਾਕਾਰਾ, ਮਾਡਲ ਅਤੇ ਗਾਇਕਾ ਬੀਬੀ ਨਿਸ਼ਾ ਬਾਨੋ ਵੱਲੋਂ ਨਵੇਂ ਗੀਤ ਪੇਸ਼ ਕੀਤੇ ਜਾਣਗੇ ਅਤੇ ਪੰਜਾਬ ਸਕੱਤਰੇਤ ਕਲਚਰਲ ਸੁਸਾਇਟੀ ਦੇ ਕਲਾਕਾਰਾਂ ਵੱਲੋਂ ਮਸ਼ਹੂਰ ਲੋਕ ਨਾਚ ਲੁੱਡੀ, ਸੰਮੀ, ਜਿੰਦੂਆ, ਮਲਵਈ ਗਿੱਧਾ, ਹਾਸਰਸ ਨਾਟਕ ਸਣੇ ਵੱਖ-ਵੱਖ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਮਾਗਮ ਵਿੱਚ ਦਾਖ਼ਲਾ ਮੁਫ਼ਤ ਹੋਵੇਗਾ।

ਰਾਠੀ ਦੇ ਦੀ ਹੋਵੇਗੀ ਸੀ.ਬੀ.ਆਈ. ਜਾਂਚ : ਵਿੱਜ

ਚੰਡੀਗੜ੍ਹ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਨੇ ਸੋਮਵਾਰ ਯਾਨੀ ਕਿ ਅੱਜ ਵਿਧਾਨ ਸਭਾ ਨੂੰ ਭਰੋਸਾ ਦਿਵਾਇਆ ਕਿ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੀ ਸੂਬਾ ਇਕਾਈ ਦੇ ਪ੍ਰਧਾਨ ਨਫੇ ਸਿੰਘ ਰਾਠੀ ਦੇ ਕਤਲ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਸੌਂਪੀ ਜਾਵੇਗੀ। ਦੱਸ ਦੇਈਏ ਕਿ ਦਿੱਲੀ ਦੇ ਨਾਲ ਲੱਗਦੇ ਹਰਿਆਣਾ ਦੇ ਝੱਜਰ ਜ਼ਿਲ੍ਹੇ ਦੇ ਬਹਾਦਰਗੜ੍ਹ 'ਚ ਐਤਵਾਰ ਨੂੰ ਅਣਪਛਾਤੇ ਹਮਲਾਵਰਾਂ ਨੇ ਰਾਠੀ ਅਤੇ ਇਕ ਹੋਰ ਪਾਰਟੀ ਵਰਕਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਲੋਕ ਸਭਾ ਚੋਣਾਂ ਤੋਂ ਕੁਝ ਹਫਤੇ ਪਹਿਲਾਂ ਹੋਏ ਇਸ ਹਮਲੇ ਨੂੰ ਲੈ ਕੇ ਵਿਰੋਧੀ ਪਾਰਟੀਆਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ।

ਵਿਰੋਧੀ ਧਿਰ ਨੇ ਭਾਜਪਾ ਦੇ ਸ਼ਾਸਨ ਵਾਲੇ ਰਾਜ ਵਿਚ ਵਿਗੜ ਰਹੀ ਕਾਨੂੰਨ ਵਿਵਸਥਾ ਦਾ ਦੋਸ਼ ਲਗਾਇਆ ਹੈ। ਵਿਜ ਨੇ ਵਿਧਾਨ ਸਭਾ 'ਚ ਕਿਹਾ ਕਿ ਜੇਕਰ ਸਦਨ ਸਿਰਫ ਸੀ. ਬੀ. ਆਈ ਜਾਂਚ ਤੋਂ ਸੰਤੁਸ਼ਟ ਹੈ ਤਾਂ ਮੈਂ ਮੈਂਬਰਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਇਸ ਮਾਮਲੇ ਦੀ ਜਾਂਚ ਸੀ. ਬੀ. ਆਈ. ਨੂੰ ਸੌਂਪ ਦੇਵਾਂਗੇ।

ਸੂਬਾ ਸਰਕਾਰ ਜੀਐਸਡੀਪੀ ਦੀ 3 ਫੀਸਦੀ ਦੀ ਸੀਮਾ ਦੇ ਅੰਦਰ ਹੀ ਲੈ ਰਹੀ ਹੈ ਕਰਜਾ : ਖੱਟੜ

ਚੰਡੀਗੜ੍ਹ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਲਿਆ ਜਾਣ ਵਾਲਾ ਕਰਜਾ ਜੀਐਸਡੀਪੀ ਦੇ ਅਨੁਪਤ ਯਾਨੀ 3 ਫੀਸਦੀ ਦੇ ਸੀਮਾ ਦੇ ਅੰਦਰ ਹੀ ਹੈ। ਵਿਕਾਸ ਦੇ ਅਨੁਰੂਪ ਜਿਵੇਂ-ਜਿਵੇਂ ਸੂਬੇ ਦੀ ਜੀਐਸਡੀਪੀ ਵੱਧਦੀ ਹੈ, ਉਸੀ ਦੇ ਅਨੁਪਾਤ ਵਿਚ ਕਰਜਾ ਲੈਣ ਦੀ ਸੀਮਾ ਵਿਚ ਵੀ ਵਾਧਾ ਹੁੰਦਾ ਹੈ। ਜੀਐਸਡੀਪੀ ਦੇ ਅਨੁਪਾਤ ਵਿਚ ਜਿੰਨ੍ਹਾ ਕਰਜਾ ਲੈਣਾ ਚਾਹੀਦਾ ਹੈ, ਸੂਬਾ ਸਰਕਾਰ ਉਸ ਸੀਮਾ ਵਿਚ ਹੀ ਕਰਜਾ

ਰੈਸਟਲੈੱਸ ਸਿੰਡਰੋਮ
ਲੱਛਣ ਤੇ ਇਲਾਜ

ਜੇਕਰ ਤੁਹਾਨੂੰ ਬੈਠੇ ਜਾਂ ਲੇਟੇ ਹੋਏ ਪੈਰ ਹਿਲਾਉਣ ਦੀ ਆਦਤ ਹੈ ਤਾਂ ਸੁਚੇਤ ਹو ਜਾਓ। ਇਹ ਰੈਸਟਲੈੱਸ ਸਿੰਡਰੋਮ ਦੇ ਲੱਛਣ ਹੋ ਸਕਦੇ ਹਨ। ਇਸ ਦਾ ਕਾਰਨ ਆਇਰਨ ਦੀ ਕਮੀ ਹੋਣਾ ਹੈ। ਇਹ ਸਮੱਸਿਆ 10 ਫ਼ੀਸਦੀ ਲੋਕਾਂ ਨੂੰ ਹੁੰਦੀ ਹੈ। ਜ਼ਿਆਦਾਤਰ 35 ਸਾਲ ਤੋਂ ਵੱਧ ਦੀ ਉਮਰ ਦੇ ਮਨੁੱਖਾਂ ਨੂੰ ਇਹ ਸਮੱਸਿਆ ਹੁੰਦੀ ਹੈ। ਹਾਰਵਰਡ ਮੈਡੀਕਲ ਸਕੂਲ ਬੋਸਟਨ ਦੇ ਪ੍ਰੋਫੈਸਰ ਅਤੇ ਇਸ ਜਾਂਚ ਦੇ ਪ੍ਰਮੁੱਖ ਡਾ. ਡਬਲਿਊ ਵਿੰਕਮੈਨ ਦਾ ਕਹਿਣਾ ਹੈ ਕਿ ਇਸ ਰੋਗ ਨਾਲ ਪੀੜਿਤ ਵਿਅਕਤੀ ਔਸਤਨ ਨੀਂਦ ਨਾ ਆਉਣ ਤੋਂ ਪਹਿਲਾਂ 200-300 ਵਾਰ ਆਪਣੇ ਪੈਰ ਹਿਲਾਉਂਦਾ ਹੈ। ਖੋਜਕਾਰਾਂ ਦਾ ਇਹ ਸਪਸ਼ਟ ਕਹਿਣਾ ਹੈ ਕਿ ਲਗਾਤਾਰ ਪੈਰ ਹਿਲਾਉਣ ਵਰਗੇ ਰੋਗ ਤੋਂ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਕੀ ਹੈ ਰੈਸਟਲੈੱਸ ਸਿੰਡਰੋਮ

ਇਹ ਨਰਵਸ ਸਿਸਟਮ ਨਾਲ ਜੁੜਿਆ ਰੋਗ ਹੈ। ਪੈਰ ਹਿਲਾਉਣ ਉੱਤੇ ਵਿਅਕਤੀ ਵਿਚ ਡੋਪਾਮਾਇਨ ਹਾਰਮੋਨ ਕਾਰਨ ਉਸ ਨੂੰ ਅਜਿਹਾ ਵਾਰ-ਵਾਰ ਕਰਨ ਦਾ ਦਿਲ ਕਰਦਾ ਹੈ। ਇਸ ਨੂੰ ਸਲੀਪ ਡਿਸ-ਆਰਡਰ ਵੀ ਕਹਿੰਦੇ ਹਨ। ਨੀਂਦ ਪੂਰੀ ਨਾ ਹੋਣ ਉੱਤੇ ਉਹ ਥੱਕਿਆ ਹੋਇਆ ਮਹਿਸੂਸ ਕਰਦਾ ਹੈ। ਜਾਂਚ ਲੱਛਣਾਂ ਦੇ ਆਧਾਰ ਉੱਤੇ ਬਲੱਡ ਟੈਸਟ ਕੀਤਾ ਜਾਂਦਾ ਹੈ। ਨੀਂਦ ਨਾ ਆਉਣ ਦੀ ਮੁਸ਼ਕਿਲ ਵਧਣ ਉੱਤੇ ਪਾਲੀਸੋਮਨੋਗਰਾਫੀ (ਪੀਏਸਜੀ) ਵੀ ਕਰਵਾ ਕੇ ਇਸ ਦੀ ਪੁਸ਼ਟੀ ਕੀਤੀ ਜਾਂਦੀ ਹੈ। ਇਸ ਜਾਂਚ ਤੋਂ ਨੀਂਦ ਨਾ ਆਉਣ ਦੇ ਕਾਰਣਾਂ ਬਾਰੇ ਪਤਾ ਲਗਾਇਆ ਜਾਂਦਾ ਹੈ।

ਲੱਛਣ

ਪੈਰਾਂ ਵਿਚ ਝੁੰਜਲਾਹਟ ਅਤੇ ਕੀੜੀਆਂ ਚੱਲਣ ਵਰਗਾ ਮਹਿਸੂਸ ਹੋਣਾ। ਦਿਨ ਵਿਚ ਬੈਠਣ ਅਤੇ ਕੁਝ ਲੋਕਾਂ ਵਿਚ ਰਾਤ ਨੂੰ ਸੌਂਦੇ ਸਮੇਂ ਵੀ ਪੈਰ ਹਿਲਾਉਣਾ, ਪੈਰ ਘੁਟਾਉਣ ਦੀ ਇੱਛਾ ਕਰਨਾ ਅਤੇ ਥਕਾਵਟ ਆਦਿ ਕੁਝ ਮੁੱਖ ਲੱਛਣ ਹਨ।

> ਇਹ ਨਰਵਸ ਸਿਸਟਮ ਨਾਲ ਜੁੜਿਆ ਰੋਗ ਹੈ ਜੋ ਕਿ ਆਇਰਨ ਦੀ ਕਮੀ ਕਾਰਨ ਹੁੰਦਾ ਹੈ।ਸ਼ੂਗਰ ਤੇ ਬੀਪੀ ਰੋਗੀਆਂ 'ਚ ਇਸ ਦਾ ਖ਼ਤਰਾ ਵੱਧਦਾ ਹੈ।

ਕਾਰਨ

ਇਹ ਰੋਗ ਆਇਰਨ ਦੀ ਕਮੀ ਕਾਰਨ ਹੁੰਦਾ ਹੈ। ਇਸ ਤੋਂ ਇਲਾਵਾ ਕਿਡਨੀ, ਪਾਰਕਿੰਸੰਸ ਪੀੜਿਤ ਮਰੀਜ਼ਾਂ ਅਤੇ ਗਰਭਵਤੀਆਂ ਵਿਚ ਡਲਿਵਰੀ ਦੇ ਅੰਤਿਮ ਦਿਨਾਂ ਵਿਚ ਹਾਰਮੋਨਲ ਬਦਲਾਅ ਵੀ ਕਾਰਨ ਹੋ ਸਕਦੇ ਹਨ। ਜ਼ਿਆਦਾ ਸ਼ਰਾਬ ਪੀਣ ਅਤੇ ਕੁਝ ਖ਼ਾਸ ਦਵਾਈਆਂ (ਜ਼ੁਕਾਮ ਅਤੇ ਐਲਰਜੀ) ਤੋਂ ਵੀ ਹੋਣ ਦਾ ਖ਼ਤਰਾ ਰਹਿੰਦਾ ਹੈ। ਸ਼ੂਗਰ, ਬੀਪੀ ਅਤੇ ਗੁਰਦਾ ਰੋਗੀਆਂ ਵਿਚ ਇਸ ਦਾ ਖ਼ਤਰਾ ਵਧਦਾ ਹੈ।

ਇਲਾਜ

ਇਲਾਜ ਦੇ ਤੌਰ 'ਤੇ ਆਇਰਨ ਦੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਬੀਮਾਰੀ ਗੰਭੀਰ ਹੋਣ ਉੱਤੇ ਹੋਰ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ ਜੋ ਸੌਣ ਤੋਂ ਦੋ ਘੰਟੇ ਪਹਿਲਾਂ ਖਾਣੀਆਂ ਹੁੰਦੀਆਂ ਹਨ। ਇਹ ਉਨੀਂਦਰਾ ਦੂਰ ਕਰ ਹਾਲਤ ਸਥਿਰ ਕਰਦੀਆਂ ਹਨ। ਕੁਝ ਖ਼ਾਸ ਕਸਰਤ ਜਿਵੇਂ ਹੌਟ ਐਂਡ ਕੋਲਡ ਬਾਥ, ਵਾਇਬਰੇਟਿੰਗ ਪੈਡ ਉੱਤੇ ਪੈਰ ਰੱਖਣ ਨਾਲ ਵੀ ਰਾਹਤ ਮਿਲਦੀ ਹੈ। ਜੇਕਰ ਤੁਹਾਨੂੰ ਅਜਿਹੇ ਲੱਛਣ ਦਿਖਾਈ ਦਿੰਦੇ ਹਨ ਤਾਂ ਤੁਰੰਤ ਡਾਕਟਰੀ ਸਲਾਹ ਲਵੋ। ਘਰ ਬੈਠੇ ਰਹਿਣ ਨਾਲ ਰੋਗ ਵਧੇਗਾ। ਇਸ ਲਈ ਬਿਹਤਰ ਇਹੀ ਹੈ ਕਿ ਸਮੇਂ ਸਿਰ ਡਾਕਟਰ ਦੀ ਸਲਾਹ ਲਓ ਤੇ ਇਲਾਜ ਸ਼ੁਰੂ ਕਰੋ।

ਛੱਡੋ ਇਹ ਆਦਤਾਂ

ਰਾਤ ਨੂੰ ਸੌਣ ਤੋਂ ਪਹਿਲਾਂ ਜਾਂ ਬਿਸਤਰੇ 'ਤੇ ਲੇਟੇ ਹੋਇਆਂ ਪੈਰ ਹਿਲਾਉਣ ਦੀ ਆਦਤ ਠੀਕ ਨਹੀਂ ਹੈ। ਪੈਰ ਹਿਲਾਉਣ ਵਾਲੇ ਵਿਅਕਤੀ ਬਾਰੇ ਵਿਚ ਕਿਹਾ ਜਾਂਦਾ ਹੈ ਕਿ ਉਹ ਆਪਣੇ ਪਰਿਵਾਰ ਬਾਰੇ ਜ਼ਿਆਦਾ ਸੋਚਦੇ ਹਨ। ਅਜਿਹਾ ਕਰਨ ਨਾਲ ਵਿਅਕਤੀ ਦੇ ਨਕਾਰਾਤਮਕ ਵਿਚਾਰਾਂ ਨੂੰ ਉਰਜਾ ਮਿਲਦੀ ਹੈ ਜੋ ਸਕਾਰਾਤਮਕ ਸੋਚ 'ਤੇ ਹਾਵੀ ਹੋ ਜਾਂਦੀ ਹੈ। ਅਜਿਹੇ ਵਿਅਕਤੀ ਆਪਣੇ ਕੰਮ ਵਿਚ ਨਿਰਾਸ਼ ਰਹਿੰਦੇ ਹਨ। ਜੋ ਵਿਅਕਤੀ ਜ਼ਿਆਦਾ ਚਿੰਤਾ ਵਿਚ ਰਹਿੰਦਾ ਹੈ, ਉਸ ਨੂੰ ਪੈਰ ਹਿਲਾਉਣ ਦੀ ਆਦਤ ਹੋ ਜਾਂਦੀ ਹੈ। ਜ਼ਿਆਦਾਤਰ ਲੋਕ ਜਿਨ੍ਹਾਂ ਨੂੰ ਘਰ-ਪਰਿਵਾਰ ਦੀ ਜ਼ਿਆਦਾ ਚਿੰਤਾ ਸਤਾਉਂਦੀ ਹੈ, ਉਹ ਸੌਂਦੇ ਸਮੇਂ ਪੈਰ ਹਿਲਾਉਂਦੇ ਵੇਖੇ ਜਾ ਸਕਦੇ ਹਨ।

ਸੋ, ਮਾਮੂਲੀ ਜਿਹਾ ਦਿਖਾਈ ਦੇਣ ਵਾਲੀ ਇਹ ਆਦਤ ਗੰਭੀਰ ਰੋਗ ਦਾ ਇਸ਼ਾਰਾ ਹੋ ਸਕਦਾ ਹੈ। ਪਰ ਸਹੀ ਜਾਣਕਾਰੀ ਰੱਖੋ ਅਤੇ ਸਮੇਂ ਸਿਰ ਡਾਕਟਰੀ ਇਲਾਜ ਜ਼ਰੂਰ ਕਰਵਾਓ। ਆਪਣੇ ਘਰੇਲੂ ਡਾਕਟਰ ਖ਼ੁਦ ਕਦੇ ਨਾ ਬਣੋ।

• ਡਾ: ਰਿਪੁਦਮਨ ਸਿੰਘ
98152001343

ਰੋਗਾਂ ਦੇ ਜਾਲ਼ 'ਚ ਫਸਾ ਰਿਹਾ ਕੰਮ ਦਾ ਬੋਝ



ਭਾਰਤ ਵਿਚ ਦਿਲ ਦੀਆਂ ਬੀਮਾਰੀਆਂ ਅਤੇ ਡਾਇਬਟੀਜ਼ ਨਾਲ ਜੁੜੇ ਚਿੰਤਾਜਨਕ ਅੰਕੜੇ ਅਕਸਰ ਚਰਚਾ ਦਾ ਵਿਸ਼ਾ ਬਣਦੇ ਹਨ। ਲੱਖਾਂ ਲੋਕਾਂ ਦੀ ਜ਼ਿੰਦਗੀ ਖ਼ਤਰੇ ਵਿਚ ਪਾ ਰਹੇ ਜਾਨਲੇਵਾ ਪ੍ਰਦੂਸ਼ਣ 'ਤੇ ਵੀ ਬਹੁਤ ਚਰਚਾ ਹੋ ਰਹੀ ਹੈ ਪਰ ਸਿਹਤ ਨਾਲ ਜੁੜੀ ਇਕ ਹੋਰ ਚੁਣੌਤੀ ਵੀ ਹੈ ਜਿਸ ਦਾ ਜ਼ਿਕਰ ਓਨਾ ਨਹੀਂ ਹੋ ਰਿਹਾ, ਇਹ ਚੁਣੌਤੀ ਹੈ ਥਕਾਨ। ਹਾਲੀਆ ਜਾਰੀ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 18 ਤੋਂ 64 ਸਾਲ ਦੇ ਲੋਕਾਂ ਦੀ ਆਬਾਦੀ ਵਿਚ 22 ਫ਼ੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਸਭ ਤੋਂ ਵੱਧ ਪਰੇਸ਼ਾਨੀ ਥਕਾਵਟ ਤੋਂ ਹੈ। ਮਿਟੇਲ ਨਾਂ ਦੀ ਸੰਸਥਾ ਵੱਲੋਂ ਜਾਰੀ ਇਸ ਰਿਪੋਰਟ ਮੁਤਾਬਕ ਲੋਕਾਂ ਲਈ ਇਹ ਹਾਈ ਬਲੱਡ ਪ੍ਰੈਸ਼ਰ ਅਤੇ ਡਾਇਬਟੀਜ਼ ਤੋਂ ਵੀ ਵੱਡੀ ਚਿੰਤਾ ਹੈ। ਔਰਤਾਂ ਇਸ ਤੋਂ ਜ਼ਿਆਦਾ ਪਰੇਸ਼ਾਨ ਹਨ। 25 ਫ਼ੀਸਦੀ ਔਰਤਾਂ ਦਾ ਕਹਿਣਾ ਹੈ ਕਿ ਉਹ ਸਭ ਤੋਂ ਜ਼ਿਆਦਾ ਪਰੇਸ਼ਾਨ ਥਕਾਵਟ ਦੀ ਸਮੱਸਿਆ ਤੋਂ ਹਨ। ਮਿਟੇਲ ਦੀ ਇਹ ਰਿਪੋਰਟ ਇਕ ਸਰਵੇਖਣ 'ਤੇ ਆਧਾਰਿਤ ਹੈ। ਬੀਤੇ ਸਾਲ ਜੂਨ ਵਿਚ 3, 029 ਲੋਕ ਇਸ ਸਰਵੇਖਣ ਦਾ ਹਿੱਸਾ ਬਣੇ ਸਨ।

ਦੁਨੀਆ ਦੇ ਮਸ਼ਹੂਰ ਅਰਥ ਸ਼ਾਸਤਰੀ ਜਾਨ ਕੀਨਸ ਨੇ ਇਕ ਵਾਰ ਕਿਹਾ ਸੀ ਕਿ ਭਵਿੱਖ ਵਿਚ ਲੋਕਾਂ ਕੋਲ ਫੁਰਸਤ ਦੇ ਕਾਫੀ ਪਲ ਹੋਣਗੇ ਪਰ ਲੱਗਦਾ ਹੈ ਕਿ ਭਾਰਤ ਨੂੰ ਇਸ ਭਵਿੱਖਬਾਣੀ ਨੂੰ ਗ਼ਲਤ ਸਾਬਤ ਕਰਨ ਵਾਲੇ ਦੇਸ਼ ਦੇ ਰੂਪ ਵਿਚ ਚੁਣਿਆ ਜਾ ਸਕਦਾ ਹੈ। ਹਾਲਾਂਕਿ ਭਾਰਤ ਵਿਚ ਨਿੱਜੀ ਖੇਤਰ ਦੀ ਮਸਰੂਫ਼ੀਅਤ ਦੇਖੀਏ ਤਾਂ ਇਹ ਅੰਕੜੇ ਹੈਰਾਨੀ ਪੈਦਾ ਨਹੀਂ ਕਰਦੇ। ਕੰਮ ਅਤੇ ਜ਼ਿੰਦਗੀ ਵਿਚ ਸੰਤੁਲਨ ਸਾਡੇ ਦੇਸ਼ ਵਿਚ ਚੁਟਕਲਿਆਂ ਦਾ ਵਿਸ਼ਾ ਬਣ ਚੁੱਕਾ ਹੈ। ਇਥੇ ਇਕ ਕਰਮਚਾਰੀ ਸਾਲ ਭਰ ਵਿਚ ਔਸਤਨ 2200 ਘੰਟੇ ਕੰਮ ਕਰਦਾ ਹੈ। ਇਹ ਅੰਕੜਾ ਬਾਕੀ ਦੇਸ਼ਾਂ ਦੀ ਤੁਲਨਾ ਵਿਚ ਕਿਤੇ ਜ਼ਿਆਦਾ ਹੈ। ਭਾਰਤ ਦੇ ਲੋਕ ਪ੍ਰਤੀ ਹਫ਼ਤਾ ਔਸਤਨ 52 ਘੰਟੇ ਕੰਮ ਕਰਦੇ ਹਨ ਅਤੇ ਇਹ ਅੰਕੜਾ ਅਮਰੀਕਾ, ਬ੍ਰਿਟੇਨ ਅਤੇ ਚੀਨ ਤੋਂ ਕਾਫ਼ੀ ਵੱਧ ਹੈ। ਪਿਛਲੇ ਸਾਲ ਉਨ੍ਹਾਂ ਦੇਸ਼ਾਂ ਦੀ ਸੂਚੀ ਵਿਚ ਭਾਰਤ ਚੌਥੇ ਸਥਾਨ 'ਤੇ ਸੀ ਜਿਥੇ ਲੋਕਾਂ ਨੂੰ ਸਭ ਤੋਂ ਘੱਟ ਛੁੱਟੀਆਂ ਮਿਲ ਰਹੀਆਂ ਹਨ। ਕੌਮਕਾਜੀ ਆਬਾਦੀ ਦੀ ਥਕਾਵਟ ਆਉਣ ਵਾਲੇ ਸਮੇਂ ਵਿਚ ਇਕ ਵੱਡੀ ਸਮੱਸਿਆ ਸਾਬਿਤ ਹੋਣ ਵਾਲੀ ਹੈ। ਥਕਾਵਟ ਦਾ ਮਤਲਬ ਸਿਰਫ਼ ਥਕਾਨ ਨਹੀਂ ਸਗੋਂ ਅਨੀਮੀਆ, ਡਿਪ੍ਰੈਸ਼ਨ ਅਤੇ ਡਾਇਬਟੀਜ਼ ਵਰਗੀਆਂ ਹੋਰ ਬਿਮਾਰੀਆਂ ਦੀ ਵੀ ਕਨਸੋਅ ਹੈ। ਮਾਹਿਰਾਂ ਮੁਤਾਬਕ ਭਾਰਤ ਨੂੰ ਇਸ ਸਮੱਸਿਆ 'ਤੇ ਗੰਭੀਰਤਾ ਨਾਲ ਸੋਚਣ ਅਤੇ ਕਾਰਜ ਪ੍ਰਣਾਲੀ ਦੀ ਨਵੇਂ ਸਿਰੇ ਤੋਂ ਸਮੀਖਿਆ ਕਰਨ ਦੀ ਲੋੜ ਹੈ। •

> ਮੁੱਢਲੀ ਸੁਰੱਖਿਆ ਹਫ਼ਤੇ ਦਾ ਮਕਸਦ ਲੋਕਾਂ ਨੂੰ ਸੁਰੱਖਿਆ ਕਦਮਾਂ ਬਾਰੇ ਜਾਗਰੂਕ ਕਰਕੇ ਹਾਦਸਿਆਂ ਤੋਂ ਬਚਾਅ ਲਈ ਪ੍ਰੇਰਿਤ ਕਰਨਾ ਹੈ। ਸਮੇਂ ਸਿਰ ਦਿੱਤੀ ਫਰਸਟ ਏਡ ਨਾਲ ਕੀਮਤੀ ਜਾਨ ਬਚਾ ਸਕਦੀ ਹੈ...

ਕੌਮੀ ਸੁਰੱਖਿਆ ਸਪਤਾਹ

ਜੀਵਨ ਸੁਰੱਖਿਆ ਲਈ ਅਪਣਾਓ ਫਰਸਟ ਏਡ

> ਜ਼ਖ਼ਮੀ ਵਿਅਕਤੀ ਨੂੰ ਦੇਖਦਿਆਂ ਸਾਰ ਹੀ ਸੰਭਾਵੀ ਖ਼ਤਰੇ ਨੂੰ ਭਾਂਪੋ। ਜ਼ਖ਼ਮੀ ਦੀ ਸਰੀਰਕ ਹਿੱਲਜੁਲ ਅਤੇ ਸਾਹ-ਪ੍ਰਣਾਲੀ ਦੀ ਜਾਂਚ ਕਰੋ ਅਤੇ ਇਹ ਵੀ ਯਕੀਨੀ ਬਣਾਓ ਕਿ ਉਸ ਦੇ ਸਾਹ ਲੈਣ 'ਚ ਕੋਈ ਰੁਕਾਵਟ ਤਾਂ ਪੈਦਾ ਨਹੀਂ ਹੋ ਰਹੀ ?

ਕੌਮੀ ਪੱਧਰ 'ਤੇ 4 ਤੋਂ 10 ਮਾਰਚ ਤਕ ਦਾ ਸਮਾਂ ਨੈਸ਼ਨਲ ਸੇਫਟੀ ਵੀਕ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਸੁਰੱਖਿਆ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਜਾਗਰੂਕ ਕਰਕੇ ਹਾਦਸਿਆਂ ਤੋਂ ਬਚਾਅ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ। ਘਰਾਂ, ਦਫ਼ਤਰਾਂ, ਫੈਕਟਰੀਆਂ, ਬਹੁ-ਮੰਜ਼ਲੀ ਇਮਾਰਤਾਂ, ਗੋਦਾਮਾਂ, ਖੇਤਾਂ, ਜੰਗਲਾਂ, ਮੈਰਿਜ ਪੈਲੇਸਾਂ, ਸਿਨੇਮਾ ਹਾਲਜ਼ ਆਦਿ ਵਿੱਚ ਅਕਸਰ ਹੀ ਦੁਰਘਟਨਾਵਾਂ ਵਾਪਰ ਜਾਂਦੀਆਂ ਹਨ। ਇਹਨਾਂ ਦੁਰਘਟਨਾਵਾਂ ਵਿਚ ਜਿੱਥੇ ਭਾਰੀ ਮਾਲੀ ਨੁਕਸਾਨ ਹੁੰਦਾ ਹੈ, ਉੱਥੇ ਜਾਨੀ ਨੁਕਸਾਨ ਹੋ ਜਾਣ ਨਾਲ ਵੀ ਕਈ ਘਰਾਂ ਦੇ ਚਿਰਾਗ਼ ਬੁਝ ਜਾਂਦੇ ਹਨ। ਸੜਕਾਂ 'ਤੇ ਵਾਹਨਾਂ ਦੀ ਦਿਨੋ-ਦਿਨ ਵੱਧ ਰਹੀ ਆਵਾਜਾਈ ਅਤੇ ਸਾਡੀ ਤੇਜ਼ ਹੁੰਦੀ ਜਾ ਰਹੀ ਰਫ਼ਤਾਰ ਨੇ ਵੀ ਸਾਡੇ ਜੀਵਨ ਦੀ ਰਫ਼ਤਾਰ ਨੂੰ ਬਹੁਤ ਛੋਟਾ ਕਰ ਦਿੱਤਾ ਹੈ। ਸੜਕੀ ਹਾਦਸੇ ਪਲਾਂ ਵਿਚ ਹੀ ਕਿਸੇ ਹੱਸਦੀ-ਖੇਡਦੀ ਜ਼ਿੰਦਗੀ ਨੂੰ ਖ਼ਤਮ ਕਰ ਜਾਂਦੇ ਹਨ ਅਤੇ ਇਹਨਾਂ ਹਾਦਸਿਆਂ 'ਚੋਂ ਜ਼ਿੰਦਾ ਬਚੇ ਫੱਟੜ ਵਿਅਕਤੀ ਅਪਾਹਜਤਾ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਜਾਂਦੇ ਹਨ। ਇਹਨਾਂ ਦੁਰਘਟਨਾਵਾਂ ਦਾ ਇੱਕ ਦੁਖਦਾਈ ਪਹਿਲੂ ਇਹ ਵੀ ਹੈ ਕਿ ਇਹਨਾਂ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ 'ਚੋਂ ਬਹੁਤੀਆਂ ਮੌਤਾਂ ਸਮੇਂ ਸਿਰ ਫਰਸਟ ਏਡ ਜਾਂ ਡਾਕਟਰੀ ਸਹਾਇਤਾ ਨਾ ਮਿਲਣ ਕਰ ਕੇ ਹੋ ਜਾਂਦੀਆਂ ਹਨ।

ਹਾਦਸਿਆਂ ਦੇ ਕਾਰਨ ਭਾਵੇਂ ਕੁਝ ਵੀ ਰਹੇ ਹੋਣ ਪਰੰਤੂ ਹਾਦਸਿਆਂ ਦੌਰਾਨ ਜੀਵਨ ਸੁਰੱਖਿਆ ਬੜੀ ਅਹਿਮ ਹੁੰਦੀ ਹੈ। ਫੱਟੜਾਂ/ਸੱਟੜਾਂ ਨੂੰ ਜੇਕਰ ਸਮੇਂ ਸਿਰ ਫਰਸਟ ਏਡ ਮਿਲ ਸਕੇ ਤਾਂ ਜਿੱਥੇ ਉਹਨਾਂ ਦੇ ਦੁੱਖ-ਦਰਦ ਨੂੰ ਘੱਟ ਕੀਤਾ ਜਾ ਸਕਦਾ ਹੈ, ਉੱਥੇ ਕਿਸੇ ਕੀਮਤੀ ਜਾਨ ਨੂੰ ਵੀ ਬਚਾਇਆ ਜਾ ਸਕਦਾ ਹੈ। ਹਾਦਸਿਆਂ ਦੌਰਾਨ ਜੋ ਵੀ ਨੇੜੇ ਦੇ ਲੋਕ ਹਨ ਜਾਂ ਐਕਸੀਡੈਂਟ ਤੋਂ ਬਚੇ ਹਨ, ਫੱਟੜਾਂ ਦੀ ਜਾਨ ਬਚਾਉਣਾ ਬਹੁਤਾ ਇਹਨਾਂ 'ਤੇ ਨਿਰਭਰ ਕਰਦਾ ਹੈ। ਸਾਡੀ ਥੋੜ੍ਹੀ ਜਿਹੀ ਹੁਸ਼ਿਆਰੀ ਅਤੇ ਸਿਆਣਪ ਹਾਦਸਾਗ੍ਰਸਤ ਵਿਅਕਤੀ ਨੂੰ ਇਕ ਨਵੀਂ ਜ਼ਿੰਦਗੀ ਬਖਸ਼ ਸਕਦੀ ਹੈ। ਦੁਰਘਟਨਾਵਾਂ ਦੌਰਾਨ ਹਮੇਸ਼ਾ ਡੀਆਰਏਬੀਸੀ ਯਾਦ ਰੱਖੋ। ਡੀ ਫਾਰ ਡੇਂਜਰ ਭਾਵ ਆਪਣੇ ਅਤੇ ਪੀੜਤ ਲਈ ਕਿਸੇ ਕਿਸਮ ਦੇ ਸੰਭਾਵਿਤ ਖ਼ਤਰੇ ਨੂੰ ਭਾਂਪੋ ਤਾਂ ਜੋ ਤੁਹਾਡਾ ਅਤੇ ਪੀੜਤ ਦਾ ਜੀਵਨ ਸੁਰੱਖਿਅਤ ਰਹੇ। ਆਰ ਫਾਰ ਰਿਸਪਾਂਸ ਭਾਵ ਪੀੜਤ ਵਿਅਕਤੀ ਦੀ ਪ੍ਰਤਿਕਿਰਿਆ ਚੈੱਕ ਕਰੋ ਕਿ ਪੀੜਤ ਹੋਸ਼ ਵਿੱਚ ਹੈ ਜਾਂ ਬੇਹੋਸ਼, ਉਹ ਜੀਉਂਦਾ ਹੈ ਜਾਂ ਮੋਇਆ। ਏ ਫਾਰ ਏਅਰਵੇਜ਼ ਭਾਵ ਪੀੜਤ ਵਿਅਕਤੀ ਦੇ ਸਾਹ ਲੈਣ ਵਾਲੇ ਰਸਤੇ ਨੱਕ ਤੇ ਮੂੰਹ ਨੂੰ ਚੈੱਕ ਕਰੋ। ਸਾਹ ਵਾਲੇ ਰਸਤੇ 'ਚ ਕੋਈ ਖ਼ੂਨ, ਉਲਟੀ, ਝੱਗ, ਟੁੱਟੇ ਦੰਦ, ਜੀਭ, ਤੰਗ ਕੱਪੜੇ ਵਗੈਰਾ ਚੈੱਕ ਕਰੋ, ਰੁਕਾਵਟ ਨਾਲ ਸਾਹ ਬੰਦ ਹੋ ਸਕਦਾ ਹੈ, ਰੁਕਾਵਟ ਨੂੰ ਦੂਰ ਕਰੋ। ਬੀ ਫਾਰ ਬ੍ਰੀਦਿੰਗ ਭਾਵ ਪੀੜਤ ਦੀ ਸਾਹ ਕਿਰਿਆ ਚੈੱਕ ਕਰੋ। ਸਾਹ ਚੈੱਕ ਕਰਨ ਲਈ ਲੁੱਕ, ਲਿਸਨ ਐਂਡ ਫੀਲ ਦਾ ਫਾਰਮੂਲਾ ਯਾਦ ਰੱਖੋ। ਛਾਤੀ ਜਾਂ ਪੇਟ ਵਾਲੇ ਹਿੱਸੇ ਦੀ ਹਿੱਲਜੁਲ ਵੇਖ ਕੇ ਸਾਹ ਦਾ ਪਤਾ ਕਰੋ। ਨੱਕ ਨੇੜੇ ਕੰਨ ਕਰਕੇ ਸਾਹ ਦੀ ਆਵਾਜ਼ ਨੂੰ ਸੁਣੋ ਜਾਂ ਫੇਰ ਹੱਥ ਦਾ ਪਿਛਲਾ ਪਾਸਾ ਪੀੜਤ ਵਿਅਕਤੀ ਦੇ ਨੱਕ ਕੋਲ ਕਰੋ ਅਤੇ ਅੰਦਰੋਂ ਬਾਹਰ ਆ ਰਹੀ ਗਰਮ ਹਵਾ ਨੂੰ ਫੀਲ ਭਾਵ ਮਹਿਸੂਸ ਕਰ ਕੇ ਸਾਹ ਦੇ ਚੱਲਣ ਜਾਂ ਰੁਕਣ ਦਾ ਪਤਾ ਲਗਾਓ। ਸੀ ਫਾਰ ਸਰਕੂਲੇਸ਼ਨ ਭਾਵ ਲਹੂ ਗੇੜ ਪ੍ਰਣਾਲੀ ਦੇ ਚੱਲਣ ਦਾ ਪਤਾ ਲਗਾਉਣ ਲਈ ਦਿਲ ਦੀ ਧੜਕਣ ਚੈੱਕ ਕਰੋ। ਧੜਕਣ ਪਤਾ ਲਗਾਉਣ ਲਈ ਗੁੱਟ ਜਾਂ ਗਲ 'ਤੇ ਨਬਜ਼ ਚੈੱਕ ਕਰੋ। ਦਿਲ ਦੀ ਧੜਕਣ ਅਤੇ ਸਾਹ ਬੰਦ ਹੋਵੇ ਤਾਂ ਬਨਾਉਟੀ ਸਾਹ ਦੇਣ ਦੇ ਢੰਗ ਤਰੀਕੇ ਅਤੇ ਸੀ.ਪੀ.ਆਰ. ਮੈਥਡ ਜ਼ਿਲ੍ਹਿਆਂ ਵਿੱਚ ਕੰਮ ਕਰਦੀਆਂ ਰੈੱਡ ਕਰਾਸ ਸੰਸਥਾਵਾਂ ਦੇ ਮਾਹਿਰਾਂ ਵੱਲੋਂ ਫਰਸਟ ਏਡ ਟ੍ਰੇਨਿੰਗ ਦੌਰਾਨ ਸਿਖਾਏ ਜਾਂਦੇ ਹਨ। ਜੀਵਨ ਸੁਰੱਖਿਆ ਲਈ ਇਹਨਾਂ ਸੰਸਥਾਵਾਂ ਪਾਸੋਂ ਇਹ ਜੀਵਨ ਬਚਾਊ ਟ੍ਰੇਨਿੰਗ ਹਰੇਕ ਨਾਗਰਿਕ ਨੂੰ ਲੈ ਲੈਣੀ ਚਾਹੀਦੀ ਹੈ।

ਜਾਨ ਨੂੰ ਖ਼ਤਰੇ ਵਿੱਚ ਪਾਉਣ ਵਾਲੀਆਂ ਇਹਨਾਂ ਹਾਲਤਾਂ ਤੋਂ ਬਾਅਦ ਵੇਖੋ ਕਿ ਪੀੜਤ ਦੇ ਕਿਤੋਂ ਬਾਹਰੀ ਖ਼ੂਨ ਤਾਂ ਨਹੀਂ ਵਗ ਰਿਹਾ। ਫੱਟਾਂ 'ਚੋਂ ਖ਼ੂਨ ਵਗ ਰਿਹਾ ਹੋਵੇ ਤਾਂ ਅੰਗ ਨੂੰ ਥੋੜ੍ਹਾ ਉੱਚਾ ਕਰ ਕੇ ਰੱਖੋ ਅਤੇ ਖ਼ੂਨ ਨੂੰ ਰੋਕਣ ਦੇ ਉਪਰਾਲੇ ਕਰੋ। ਖ਼ੂਨ ਵਗਣ ਵਾਲੀ ਜਗ੍ਹਾ 'ਤੇ ਸਾਫ਼ ਰੁਮਾਲ/ਕੱਪੜੇ ਜਾਂ ਪੱਟੀਆਂ ਆਦਿ ਨਾਲ ਦਬਾਅ ਬਣਾ ਕੇ ਰੱਖੋ। ਕਈ ਵਾਰ ਅੰਦਰੂਨੀ ਸੱਟਾਂ ਕਾਰਣ ਖ਼ੂਨ ਦਾ ਵਗਣਾ ਵੀ ਹੋ ਸਕਦਾ ਹੈ ਅਤੇ ਕੁਝ ਸਮੇਂ ਬਾਅਦ ਵਿਅਕਤੀ ਦੀ ਜਾਨ ਜਾ ਸਕਦੀ ਹੈ। ਫੱਟੜ ਦੇ ਆਲ੍ਹੇ-ਦੁਆਲ੍ਹੇ ਬਹੁਤੀ ਭੀੜ ਇਕੱਠੀ ਨਾ ਹੋਣ ਦਿਓ ਕਿਉਂਕਿ ਮਰੀਜ਼ ਨੂੰ ਤ

ਸੰਪਾਦਕੀ

ਖੁਰਾਕ ਸੁਰੱਖਿਆ ਅਤੇ ਕਿਸਾਨ ਭਲਾਈ- ਮੋਦੀ ਦੀ ਗਾਰੰਟੀ

ਅਜਿਹੇ ਸਮੇਂ ਵਿੱਚ ਜਦੋਂ ਯੁੱਧ, ਮੌਸਮ ਅਤੇ ਅਸਥਿਰਤਾ ਦੇ ਚਲਦੇ ਪੈਦਾ ਹੋਈ ਬਜ਼ਾਰ ਦੀ ਨਾਜ਼ੁਕ ਸਥਿਤੀ ਦੀ ਵਜ੍ਹਾ ਨਾਲ ਗਲਬੋਲ ਫੂਡ ਸਪਲਾਈ ਦਬਾਅ ਵਿੱਚ ਹੈ, ਉਪਭੋਗਤਾਵਾਂ ਅਤੇ ਕਿਸਾਨਾਂ ਦੇ ਹਿਤਾਂ ਦੀ ਦ੍ਰਿਸ਼ਟੀ ਨਾਲ ਭਾਰਤ ਵਿੱਚ ਸਥਿਤੀਆਂ ਉਮੀਦ ਤੋਂ ਬਿਹਤਰ ਹਨ। ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੈਬਿਨਟ ਨੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਦੇ ਲਈ ਗੰਨੇ ਦਾ ਉਚਿਤ ਅਤੇ ਲਾਭਕਾਰੀ ਮੁੱਲ 8 ਪ੍ਰਤੀਸ਼ਤ ਵਧਾ ਦਿੱਤਾ ਹੈ। ਗੰਨਾ ਕਿਸਾਨਾਂ ਨੂੰ ਪਹਿਲਾਂ ਤੋਂ ਹੀ ਵਿਸ਼ਵ ਵਿੱਚ ਗੰਨੇ ਦਾ ਸਭ ਤੋਂ ਵੱਧ ਮੁੱਲ ਮਿਲ ਰਿਹਾ ਹੈ, ਜਦਕਿ ਸਰਕਾਰ ਇਹ ਸੁਨਿਸ਼ਚਿਤ ਕਰ ਰਹੀ ਹੈ ਕਿ ਭਾਰਤੀ ਉਪਭੋਗਤਾਵਾਂ ਨੂੰ ਵਿਸ਼ਵ ਵਿੱਚ ਸਭ ਤੋਂ ਸਸਤੀ ਚੀਨੀ ਉਪਲਬਧ ਹੋਵੇ। ਇਸ ਪ੍ਰਕਾਰ ਦੀਆਂ ਪਹਿਲਾਂ ਦੀ ਇੱਕ ਲੜੀ ਹੈ, ਜੋ ਕਿਸਾਨ ਭਲਾਈ ਨੂੰ ਉਪਭੋਗਤਾ ਹਿਤਾਂ ਦੇ ਨਾਲ ਜੋੜਦੀਆਂ ਹਨ। ਇਸ ਮਹੀਨੇ ਦੀ ਸ਼ੁਰੂਆਤ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਹਰੇਕ ਨਾਗਰਿਕ ਨੂੰ ਪੌਸ਼ਟਿਕ ਭੋਜਨ ਉਪਲਬਧ ਕਰਵਾਉਣ ਦੇ ਆਪਣੇ ਮਿਸ਼ਨ ਨੂੰ ਅੱਗੇ ਵਧਾਉਂਦੇ ਹੋਏ, 29 ਰੁਪਏ ਪ੍ਰਤੀ ਕਿੱਲੋ ਦੀ ਦਰ 'ਤੇ ਭਾਰਤ ਰਾਈਸ ਦੀ ਸ਼ੁਰੂਆਤ ਕਰਕੇ ਇੱਕ ਵਾਰ ਫਿਰ ਦੇਸ਼ ਦੇ ਨਾਗਰਿਕਾਂ ਨੂੰ ਕਿਫਾਇਤੀ ਦਰਾਂ 'ਤੇ ਖੁਰਾਕ ਦੀ ਸਪਲਾਈ ਸੁਨਿਸ਼ਚਿਤ ਕੀਤੀ ਹੈ। ਇਸ ਦੇ ਲਈ ਅਸੀਂ ਸਖ਼ਤ ਮਿਹਨਤ ਕਰਨ ਵਾਲੇ ਸਾਡੇ ਕਿਸਾਨਾਂ ਦਾ ਧੰਨਵਾਦ ਕਰਦੇ ਹਾਂ, ਜੋ ਜ਼ਿਆਦਾਤਰ ਖੇਤੀਬਾੜੀ ਵਸਤੂਆਂ ਦਾ ਲੋੜੀਂਦਾ ਉਤਪਾਦਨ ਕਰਕੇ ਦੇਸ਼ ਨੂੰ ਆਤਮਨਿਰਭਰ ਬਣਾ ਰਹੇ ਹਾਂ। ਸਰਕਾਰ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ (ਪੀਐੱਮਜੀਕੇਏਵਾਈ) ਦੇ ਤਹਿਤ 80 ਕਰੋੜ ਲੋਕਾਂ ਨੂੰ ਮੁਫ਼ਤ ਖੁਰਾਕ ਉਪਲਬਧ ਕਰਵਾ ਰਹੀ ਹੈ। ਇਸ ਦੇ ਇਲਾਵਾ ਬਾਕੀ ਅਬਾਦੀ ਦੇ ਲਈ ਵੀ ਖੁਰਾਕ ਉਤਪਾਦਾਂ ਦੀ ਬਹੁਤ ਹੀ ਉਚਿਤ ਕੀਮਤ ਤੈਅ ਕੀਤੀ ਗਈ ਹੈ। ਭਾਰਤ ਰਾਈਸ, ਆਟਾ, ਦਾਲ- ਮੋਦੀ ਸਰਕਾਰ ਨੇ ਜ਼ਰੂਰੀ ਖੁਰਾਕ ਵਸਤੂਆਂ ਦੀ ਕੀਮਤ ਵਿੱਚ ਅਸਧਾਰਣ ਵਾਧੇ ਨਾਲ ਨਜਿੱਠਣ ਦੇ ਲਈ ਹਮੇਸ਼ਾ ਤੇਜ਼ੀ ਨਾਲ ਕੰਮ ਕੀਤਾ ਹੈ। ਪਿਛਲੇ ਵਰ੍ਹੇ, ਸਰਕਾਰ ਨੇ 60 ਰੁਪਏ ਪ੍ਰਤੀ ਕਿੱਲੋ ਦੀ ਅਤਿਅਧਿਕ ਸਬਸਿਡੀ ਦਰ 'ਤੇ ਭਾਰਤ ਦਾਲ ਅਤੇ 27.50 ਰੁਪਏ ਪ੍ਰਤੀ ਕਿੱਲੋ ਦੀ ਘੱਟ ਕੀਮਤ 'ਤੇ ਭਾਰਤ ਆਟਾ ਲਾਂਚ ਕੀਤਾ ਸੀ। ਇਸੇ ਪ੍ਰਕਾਰ ਕੇਂਦਰੀ ਏਜੰਸੀਆਂ ਸਸਤਾ ਪਿਆਜ ਵੇਚਦੀਆਂ ਹਨ। ਇਨ੍ਹਾਂ ਨੇ ਉਸ ਸਮੇਂ ਵੀ ਟਮਾਟਰ ਦੀ ਸਪਲਾਈ ਕੀਤੀ, ਜਦੋਂ ਇਸ ਦੀ ਕੀਮਤਾਂ ਆਸਮਾਨ ਛੂਹ ਰਹੀਆਂ ਸਨ, ਕੇਂਦਰ ਸਰਕਾਰ ਨੇ ਕੀਮਤਾਂ ਵਿੱਚ ਇਸ ਅੰਤਰ ਦਾ ਭਾਰੀ ਬੋਝ ਉਠਾਇਆ। ਭਾਰਤ ਖੁਰਾਕ ਪਦਾਰਥਾਂ ਦੀ ਵਿਕਰੀ ਤੇਜ਼ੀ ਨਾਲ ਵਧੀ ਹੈ ਅਤੇ ਇਹ ਪਦਾਰਥ 18,000 ਤੋਂ ਵੱਧ ਦੁਕਾਨਾਂ 'ਤੇ ਉਪਲਬਧ ਹਨ। ਬੇਮਿਸਾਲ, ਤੇਜ਼ੀ- ਇਸ ਤੋਂ ਪਹਿਲਾਂ ਕਦੇ ਵੀ ਕੇਂਦਰ ਸਰਕਾਰ ਨੇ ਖੁਦਰਾ ਬਜ਼ਾਰ ਵਿੱਚ ਖੁਰਾਕ ਜਾਂ ਦਾਲ਼ਾਂ ਨਹੀਂ ਵੇਚੀਆਂ। ਇਨ੍ਹਾਂ ਦੀ ਕੀਮਤ 'ਤੇ ਕੰਟ੍ਰੋਲ ਦੇ ਲਈ ਪ੍ਰਧਾਨ ਮੰਤਰੀ ਮੋਦੀ ਹਮੇਸ਼ਾ ਨਿਰਣਾਇਕ ਕਦਮ ਉਠਾਉਂਦੇ ਰਹੇ ਹਨ। ਪਿਛਲੇ ਵਰ੍ਹੇ, ਜਿਵੇਂ ਹੀ ਬੇਮੌਸਮ ਦੇ ਮੀਂਹ ਨੇ ਟਮਾਟਰਾਂ ਦੀ ਸਪਲਾਈ ਵਿੱਚ ਰੁਕਾਵਟ ਪਾਈ ਤਾਂ ਸਰਕਾਰ ਤੁਰੰਤ ਹਰਕਤ ਵਿੱਚ ਆਈ ਜਿਸ ਨਾਲ ਟਮਾਟਰਾਂ ਦੀਆਂ ਕੀਮਤਾਂ ਵਿੱਚ ਵਾਧੇ 'ਤੇ ਰੋਕ ਲਗੀ। ਪ੍ਰਧਾਨ ਮੰਤਰੀ ਮੋਦੀ ਨੇ ਇਹ ਸੁਨਿਸ਼ਚਿਤ ਕੀਤਾ ਹੈ ਕਿ ਚੰਗੀ ਗੁਣਵੱਤਾ ਵਾਲੀ ਦਾਲ਼, ਚਾਵਲ ਅਤੇ ਆਟੇ ਦੀ ਸਪਲਾਈ ਕਿਫਾਇਤੀ ਕੀਮਤਾਂ 'ਤੇ ਕੀਤੀ ਜਾਵੇ। ਇਹ ਉਪਾਅ ਸਮਾਜ ਦੇ ਹਰ ਵਰਗ ਦੀ ਮਦਦ ਦੇ ਲਈ ਬਿਨਾ ਕਿਸੇ ਭੇਦਭਾਵ ਦੇ ਲਾਗੂ ਕੀਤੇ ਗਏ ਹਨ।ਇਸ ਸਰਕਾਰ ਦੀ ਇੱਕ ਹੋਰ ਬੇਮਿਸਾਲ ਕਾਰਵਾਈ ਤੇਜ਼ ਬਜ਼ਾਰ ਉਪਾਵਾਂ ਦੇ ਲਈ ਖੇਤੀਬਾੜੀ-ਬਾਗਵਾਨੀ ਵਸਤੂਆਂ ਦਾ ਬਫਰ ਸਟੌਕ ਬਣਾਉਣ ਦੇ ਲਈ ਇੱਕ ਸਮਰਪਿਤ ਮੁੱਲ ਸਥਿਰੀਕਰਣ ਫੰਡ ਬਣਾਇਆ ਗਿਆ। ਸਰਕਾਰ ਨੇ 27,489 ਕਰੋੜ ਰੁਪਏ ਦੀ ਸੰਚੀ ਬਜਟੀ ਸਹਾਇਤਾ ਨਾਲ ਪ੍ਰਮੁੱਖ ਦਾਲ਼ਾਂ ਅਤੇ ਪਿਆਜ ਦੀ ਉਪਲਬਧਤਾ ਸੁਨਿਸ਼ਚਿਤ ਕਰਨ ਦੇ ਲਈ ਵੀ ਇਤਿਹਾਸਿਕ ਪਹਿਲ ਕੀਤੀ ਹੈ। ਸਰਕਾਰ ਨੇ ਕੜਾ ਸੰਦੇਸ਼ ਦਿੰਦੇ ਹੋਏ ਕਿਹਾ ਕਿ ਜਮਾਖੋਰੀ ਜਾਂ ਬਜ਼ਾਰ ਵਿੱਚ ਹੇਰਾਫੇਰੀ ਕਰਨ ਦੀ ਕੋਈ ਵੀ ਕੋਸ਼ਿਸ਼ ਭਾਰੀ ਪਵੇਗੀ। ਹਾਲਾਂਕਿ, ਕੁਝ ਮਹੀਨਿਆਂ ਵਿੱਚ ਹੀ ਕਣਕ ਦਾ ਰਿਕਾਰਡ ਫਸਲ ਹੋਣ ਦਾ ਅਨੁਮਾਨ ਹੈ, ਲੇਕਿਨ ਸਰਕਾਰ ਕੋਈ ਵੀ ਜੋਖਿਮ ਨਹੀਂ ਉਠਾਉਣਾ ਚਾਹੁੰਦੀ ਹੈ। ਸਰਕਾਰ ਨੇ ਕਣਕ 'ਤੇ ਸਟੌਕ ਸੀਮਾ ਲਾਗੂ ਕਰ ਦਿੱਤੀ ਹੈ ਅਤੇ ਬਜ਼ਾਰ ਵਿੱਚ ਕਣਕ ਦੀ ਸਪਲਾਈ ਵਧਾਉਣ ਦੇ ਲਈ ਵੀ ਤਿਆਰ ਹੈ। ਰੋਜ਼ਾਨਾ 22 ਜ਼ਰੂਰੀ ਖੁਰਾਕ ਵਸਤੂਆਂ ਦੇ ਖੁਦਰਾ ਅਤੇ ਥੋਕ ਕੀਮਤਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। 34 ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 550 ਮੁੱਲ-ਨਿਗਰਾਨੀ ਕੇਂਦਰਾਂ ਤੋਂ ਪ੍ਰਾਪਤ ਇਨਪੁਟ ਦੇ ਨਾਲ, ਮੁੱਲ ਦੇ ਰੁਝਾਨਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਕਿ ਕੀਮਤਾਂ ਨੂੰ ਘੱਟ ਕਰਨ ਦੇ ਲਈ ਬਫਰ ਤੋਂ ਸਟੌਕ ਜਾਰੀ ਕਰਨ ਅਤੇ ਜਮਾਖੋਰੀ ਨੂੰ ਰੋਕਣ ਦੇ ਲਈ ਸਟੌਕ ਸੀਮਾ ਲਗਾਉਣ ਬਾਰੇ ਉਚਿਤ ਫ਼ੈਸਲੇ ਲਏ ਜਾ ਸਕਣ। ਸਸਤੀ ਚੀਨੀ, ਖੁਸ਼ਹਾਲ ਕਿਸਾਨ- ਨਵੇਂ ਗੰਨਾ-ਪੇਰਾਈ ਸੀਜ਼ਨ ਦੀ ਸ਼ੁਰੂਆਤ ਦੇ ਬਾਅਦ ਚੀਨੀ ਦੇ ਏਕਸ-ਮਿਲ ਕੀਮਤਾਂ ਵਿੱਚ 3.5 ਤੋਂ 4 ਪ੍ਰਤੀਸ਼ਤ ਦੀ ਗਿਰਾਵਟ ਆਈ, ਜਦਕਿ ਇਹ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਕਿਸਾਨਾਂ ਦੀ ਆਮਦਨ ਚੰਗੀ ਹੋਵੇ ਅਤੇ ਉਨ੍ਹਾਂ ਦਾ ਸਮੇਂ 'ਤੇ ਭੁਗਤਾਨ ਹੋਵੇ। ਈਥਾਨੌਲ-ਬਲੈਂਡਿੰਗ ਪ੍ਰੋਗਰਾਮ ਨੇ ਉਦਯੋਗ ਦੀ ਵਿਵਹਾਰਤਾ ਨੂੰ ਹੁਲਾਰਾ ਦਿੱਤਾ ਹੈ ਜਿਸ ਨਾਲ ਮਿਲ ਮਾਲਕਾਂ ਨੂੰ 2022-23 ਵਿੱਚ ਲਗਭਗ 99.5 ਪ੍ਰਤੀਸ਼ਤ ਗੰਨਾ ਬਕਾਇਆ ਰਾਸ਼ੀ ਦਾ ਭੁਗਤਾਨ ਕਰਨ ਵਿੱਚ ਮਦਦ ਮਿਲੀ ਹੈ। ਇਹ ਹੁਣ ਤੱਕ ਦਾ ਸਭ ਤੋਂ ਘੱਟ ਲੰਬਿਤ ਬਕਾਇਆ ਹੈ, ਜੋ ਕਿਸਾਨ ਭਲਾਈ 'ਤੇ ਪ੍ਰਧਾਨ ਮੰਤਰੀ ਮੋਦੀ ਦੇ ਫੋਕਸ ਨੂੰ ਦਰਸਾਉਂਦਾ ਹੈ। ਆਯਾਤ ਸ਼ੁਲਕਾਂ ਵਿੱਚ ਬਦਲਾਅ ਸਹਿਤ ਉਠਾਏ ਗਏ ਸਰਗਰਮ ਕਦਮਾਂ ਦੇ ਬਾਅਦ ਖਾਨਾ ਪਕਾਉਣ ਦੇ ਤੇਲ ਦੀਆਂ ਕੀਮਤਾਂ ਦੋ ਸਾਲ ਦੇ ਸਭ ਤੋਂ ਹੇਠਲੇ ਪੱਧਰ 'ਤੇ ਹਨ। ਪਿਛਲੇ ਸਾਲ ਸਰ੍ਹੋਂ ਦੇ ਤੇਲ ਦੇ ਖੁਦਰਾ ਮੁੱਲ 18.3 ਪ੍ਰਤੀਸ਼ਤ, ਸੋਇਆਬੀਨ ਤੇਲ 17.1 ਪ੍ਰਤੀਸ਼ਤ, ਸੂਰਜਮੁਖੀ ਤੇਲ 23.8 ਪ੍ਰਤੀਸ਼ਤ ਅਤੇ ਆਰਬੀਡੀ ਪਾਮੋਲੀਨ 12 ਪ੍ਰਤੀਸ਼ਤ ਘੱਟ ਹੋਏ ਹਨ। ਸਰਕਾਰ ਕਣਕ ਦੇ ਮੁੱਲ 'ਤੇ ਕੰਟ੍ਰੋਲ ਦੇ ਲਈ ਵੀ ਪ੍ਰਭਾਵੀ ਕਦਮ ਉਠਾ ਰਹੀ ਹੈ। ਖੁਦਰਾ ਅਤੇ ਥੋਕ ਬਜ਼ਾਰਾਂ ਵਿੱਚ ਕਣਕ ਤੇ ਆਟੇ ਦੇ ਅਖਿਲ ਭਾਰਤੀ ਔਸਤ ਮੁੱਲ ਗਿਰਾਵਟ ਦਾ ਰੁਝਾਨ ਦਰਸਾ ਰਹੇ ਹਨ। ਭਾਰਤੀ ਪਹਿਲਾਂ- ਸਰਕਾਰ ਨੇ ਲੋੜੀਂਦਾ ਘਰੇਲੂ ਸਪਲਾਈ ਅਤੇ ਘੱਟ ਕੀਮਤਾਂ ਸੁਨਿਸ਼ਚਿਤ ਕਰਨ ਦੇ ਲਈ ਕਣਕ, ਚਾਵਲ ਅਤੇ ਚੀਨੀ ਦੇ ਨਿਰਯਾਤ 'ਤੇ ਪ੍ਰਤੀਬੰਧ ਲਗਾ ਦਿੱਤਾ ਹੈ, ਜਿਸ ਨਾਲ ਇਹ ਸੁਨਿਸ਼ਚਿਤ ਹੋਇਆ ਹੈ ਕਿ ਕਿਸਾਨਾਂ ਨੂੰ ਲਾਭਕਾਰੀ ਮੁੱਲ ਮਿਲਣ। ਸਰਕਾਰ ਨੇ ਘਰੇਲੂ ਸਪਲਾਈ ਵਧਾਉਣ ਦੇ ਲਈ ਖੁੱਲ੍ਹੀ ਬਜ਼ਾਰ ਵਿਕਰੀ ਯੋਜਨਾ ਦੇ ਤਹਿਤ ਚਾਵਲ ਅਤੇ ਕਣਕ ਦੀ ਵਿਕਰੀ ਵਧਾਈ ਹੈ। ਭਾਰਤ ਰਾਈਸ ਲਾਂਚ ਕੀਤੇ ਜਾਣ ਦੇ ਬਾਅਦ ਕੀਤੇ ਗਏ ਉਪਾਵਾਂ ਦੀ ਲੜੀ ਦੇ ਪਾਲਣ ਨਾਲ ਚਾਵਲ ਦੀਆਂ ਕੀਮਤਾਂ ਨੂੰ ਕੰਟ੍ਰੋਲ ਕਰਨ ਵਿੱਚ ਬਹੁਤ ਮਦਦ ਮਿਲੇਗੀ। ਪ੍ਰਧਾਨ ਮੰਤਰੀ ਦੇ ਤੀਸਰੇ ਕਾਰਜਕਾਲ ਵਿੱਚ ਮੁਫਤ ਖੁਰਾਕ- ਮੁਫਤ ਖੁਰਾਕ ਯੋਜਨਾ ਨੇ ਦੇਸ਼ ਦੇ ਲੋਕਾਂ ਦੀ ਗਲੋਬਲ ਅਰਥਵਿਵਸਥਾ ਨੂੰ ਪ੍ਰਭਾਵਿਤ ਕਰਨ ਵਾਲੀ ਵਿਨਾਸ਼ਕਾਰੀ ਮਹਾਮਾਰੀ ਦਾ ਸਾਹਮਣਾ ਕਰਨ ਵਿੱਚ ਮਦਦ ਕੀਤੀ ਸੀ। ਮਹਾਮਾਰੀ ਦਾ ਸਮਾਂ ਬੀਤ ਗਿਆ ਹੈ, ਲੇਕਿਨ ਪ੍ਰਧਾਨ ਮੰਤਰੀ ਦੀ ਹਮਦਰਦ ਅਗਵਾਈ ਸਦਕਾ ਉਦਾਰ ਕਲਿਆਣ ਯੋਜਨਾ ਜਾਰੀ ਹੈ। ਸਰਕਾਰ ਨੇ ਪਹਿਲਾਂ ਹੀ ਪ੍ਰਧਾਨ ਮੰਤਰੀ ਮੋਦੀ ਦੇ ਤੀਸਰੇ ਕਾਰਜਕਾਲ ਵਿੱਚ ਪੀਐੱਮਜੀਕੇਏਵਾਈ ਦੇ ਤਹਿਤ ਅਗਲੇ ਪੰਜ ਵਰ੍ਹਿਆਂ ਵਿੱਚ 11.80 ਲੱਖ ਕਰੋੜ ਰੁਪਏ ਦੀ ਭਾਰੀ ਭਰਕਮ ਰਾਸ਼ੀ ਦਾ ਵਾਅਦਾ ਕੀਤਾ ਹੈ। ਇਹ ਯੋਜਨਾ ਵਿੱਤੀ ਅਨੁਸ਼ਾਸਨ ਨਾਲ ਸਮਝੌਤਾ ਕੀਤੇ ਬਿਨਾ ਉਦਾਰ ਕਲਿਆਣਕਾਰੀ ਯੋਜਨਾਵਾਂ ਚਲਾਉਣ ਦੇ ਪ੍ਰਧਾਨ ਮੰਤਰੀ ਦੇ ਬੇਮਿਸਾਲ ਰਿਕਾਰਡ ਨੂੰ ਅੱਗੇ ਵਧਾਉਂਦੀ ਹੈ। ਇਸੇ ਪ੍ਰਕਾਰ, ਇਹ ਸਰਕਾਰ ਜ਼ਰੂਰੀ ਖੁਰਾਕ ਵਸਤੂਆਂ ਦੇ ਬਜ਼ਾਰ ਵਿੱਚ ਨੈਤਿਕਤਾ ਅਤੇ ਅਨੁਸ਼ਾਸਨ ਸੁਨਿਸ਼ਚਿਤ ਕਰਦੀ ਹੈ। ਕੀਮਤਾਂ ਦੇ ਲਈ ਸਭ ਤੋਂ ਚੰਗਾ ਦਹਾਕਾ- ਇਸ ਪ੍ਰਕਾਰ ਮਹਾਮਾਰੀ ਅਤੇ ਯੂਕ੍ਰੇਨ ਸੰਕਟ ਦੇ ਦੋਹਰੇ ਸੰਕਟ ਦੇ ਬਾਵਜੂਦ, ਪਿਛਲਾ ਦਹਾਕਾ ਮੁਦ੍ਰਾਸਫੀਤੀ ਕੰਟ੍ਰੋਲ ਵਿੱਚ ਭਾਰਤ ਦੇ ਲਈ ਸਭ ਤੋਂ ਚੰਗਾ ਰਿਹਾ ਹੈ, ਹਾਲਾਕਿ, ਇਨ੍ਹਾਂ ਸੰਕਟਾਂ ਨੇ ਇਸ ਨੂੰ ਬਹੁਤ ਚੁਣੌਤੀਪੂਰਨ ਬਣਾ ਦਿੱਤਾ ਸੀ। ਉਹ ਉਪਲਬਧੀ ਇਸ ਤੱਥ ਦੇ ਬਾਵਜੂਦ ਹਾਸਲ ਕੀਤੀ ਗਈ ਹੈ ਕਿ ਸਾਨੂੰ ਯੂਪੀਏ ਤੋਂ ਫ੍ਰੇਜ਼ਾਇਲ-5 ਅਰਥਵਿਵਸਥਾ ਵਿਰਾਸਤ ਵਿੱਚ ਮਿਲੀ ਸੀ, ਜੋ ਵੱਡੇ ਪੈਮਾਨੇ 'ਤੇ ਭ੍ਰਿਸ਼ਟਾਚਾਰ, ਗ਼ਰੀਬਾਂ ਦੇ ਲਈ ਘੱਟ ਸਨਮਾਨ ਅਤੇ ਦੋ ਅੰਕਾਂ ਦੀ ਮੁਦ੍ਰਾਸਫੀਤੀ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਸੀ। ਖੁਰਾਕ ਸੁਰੱਖਿਆ ਅਤੇ ਮੁਦ੍ਰਾਸਫੀਤੀ ਕੰਟ੍ਰੋਲ ਵਿੱਚ ਭਾਰਤ ਨੇ ਸਰਬਸ਼ੇਸ਼ਠ ਪ੍ਰਦਰਸ਼ਨ ਉਸ ਸਮੇਂ ਕੀਤਾ ਜਦੋਂ ਦੇਸ਼ ਸਭ ਤੋਂ ਚੁਣੌਤੀਪੂਰਨ ਮਾਹੌਲ ਦਾ ਸਾਹਮਣਾ ਕਰ ਰਿਹਾ ਸੀ। ਇਹ 140 ਕਰੋੜ ਭਾਰਤੀਆਂ ਦੇ ਇਸ ਵਿਸ਼ਵਾਸ ਨੂੰ ਮਜ਼ਬੂਤ ਕਰਦਾ ਹੈ ਕਿ ਮੋਦੀ ਹੈ ਤਾਂ ਮੁਮਕਿਨ ਹੈ।

ਪੀਜੀਆਈ ਸੈਟੇਲਾਈਟ ਸੈਂਟਰ, ਫਿਰੋਜ਼ਪੁਰ (ਪੰਜਾਬ) ਵਿਖੇ ਨੀਂਹ ਪੱਥਰ ਰੱਖਣ ਬਾਰੇ ਸੰਖੇਪ ਜਾਣਕਾਰੀ

ਪੋਸਟ-ਗ੍ਰੈਜੂਏਟ ਇੰਸਟੀਟਿਊਟ ਆਵ? ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈਐੱਮਈਆਰ-PGIMER), ਚੰਡੀਗੜ੍ਹ, ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ (ਐੱਮਓਐੱਚਐਂਡਐੱਫਡਬਲਿਊ-$✪8×6➡) ਦੇ ਅਧੀਨ ਦਿੱਲੀ ਦੇ ਉੱਤਰ ਵਿੱਚ ਸਭ ਤੋਂ ਪੁਰਾਣੀ ਖੁਦਮੁਖਤਿਆਰੀ ਸੰਸਥਾ ਹੈ ਜੋ ਮਰੀਜ਼ਾਂ ਦੀ ਗੁਣਵੱਤਾਪੂਰਨ ਦੇਖਭਾਲ਼ ਪ੍ਰਦਾਨ ਕਰਦੀ ਹੈ ਅਤੇ ਪੋਸਟ-ਗ੍ਰੈਜੂਏਟ ਮੈਡੀਕਲ ਸਿੱਖਿਆ ਵਿੱਚ ਸਵੈ-ਨਿਰਭਰਤਾ ਪ੍ਰਾਪਤ ਕਰਨ, ਸਾਰੇ ਮੈਡੀਕਲ ਅਤੇ ਸਰਜੀਕਲ ਵਿਸ਼ਿਆਂ ਵਿੱਚ ਉੱਚ ਯੋਗਤਾ ਪ੍ਰਾਪਤ ਮੈਡੀਕਲ ਪ੍ਰੋਫੈਸ਼ਨਲਸ ਸੰਬੰਧੀ ਦੇਸ਼ ਦੀਆਂ ਲੋੜਾਂ ਨੂੰ ਪੂਰਾ ਕਰਨ, ਸਿਹਤ ਗਤੀਵਿਧੀਆਂ ਦੀਆਂ ਸਾਰੀਆਂ ਮਹੱਤਵਪੂਰਨ ਸ਼ਾਖਾਵਾਂ ਵਿੱਚ ਪ੍ਰੋਸੋਨਲ ਦੀ ਟ੍ਰੇਨਿੰਗ ਲਈ ਵਿਦਿਅਕ ਸੁਵਿਧਾਵਾਂ ਪ੍ਰਦਾਨ ਕਰਨ ਅਤੇ ਬੁਨਿਆਦੀ ਭਾਈਚਾਰੇ ਅਧਾਰਿਤ ਖੋਜ (ਬੇਸਿਕ ਕਮਿਊਨਿਟੀ ਬੇਸਡ ਰਿਸਰਚ) ਕਰਨ ਲਈ ਸਥਾਪਿਤ ਕੀਤੀ ਗਈ ਸੀ। ਅੱਜ ਪੀਜੀਆਈਐੱਮਈਆਰ ਨੂੰ ਦੇਸ਼ ਦੀਆਂ ਸਰਵਸ਼੍ਰੇਸ਼ਠ ਮੈਡੀਕਲ ਸੰਸਥਾਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜੋ ਸਾਲਾਨਾ 25 ਲੱਖ ਤੋਂ ਅਧਿਕ ਓਪੀਡੀ ਮਰੀਜ਼ਾਂ ਅਤੇ 1 ਲੱਖ ਇਨਡੋਰ ਮਰੀਜ਼ਾਂ ਦੀ ਸੇਵਾ ਕਰਦਾ ਹੈ।

ਜ਼ਿਆਦਾਤਰ ਮਰੀਜ਼ ਪੰਜਾਬ ਰਾਜ ਤੋਂ ਆ ਰਹੇ ਹਨ ਅਤੇ ਕੰਮ ਦੇ ਬੋਝ ਨੂੰ ਘਟਾਉਣ ਅਤੇ ਘਰ-ਘਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ, ਭਾਰਤ ਸਰਕਾਰ ਨੇ ਸਾਲ 2013 ਵਿੱਚ ਪੰਜਾਬ ਰਾਜ ਵਿੱਚ 02 ਪੀਜੀਆਈ ਸੈਟੇਲਾਈਟ ਕੇਂਦਰਾਂ ਨੂੰ ਮਨਜ਼ੂਰੀ ਦਿੱਤੀ ਸੀ। ਇਸ ਅਨੁਸਾਰ, 01 ਸੈਟੇਲਾਈਟ ਸੈਂਟਰ, ਸੰਗਰੂਰ (ਪੰਜਾਬ) ਵਿਖੇ 300 ਬਿਸਤਰਿਆਂ ਵਾਲਾ ਹਸਪਤਾਲ ਸਥਾਪਿਤ ਕੀਤਾ ਗਿਆ ਸੀ ਜੋ ਇਸ ਸਮੇਂ ਕੰਮ ਕਰ ਰਿਹਾ ਹੈ। ਭਾਰਤ ਸਰਕਾਰ ਵੱਲੋਂ ਦੂਰ-ਦਰਾਜ਼ ਦੇ ਸਰਹੱਦੀ ਖੇਤਰਾਂ ਵਿੱਚ ਇਕਸਾਰ ਫੈਲਾਅ ਪ੍ਰਦਾਨ ਕਰਨ ਅਤੇ ਗੁਣਵੱਤਾਪੂਰਨ ਸਿਹਤ ਕੇਂਦਰ ਬਣਾਉਣ ਸਬੰਧੀ ਸੁਵਿਧਾਵਾਂ ਦੀ ਸਥਾਪਨਾ ਲਈ ਫਿਰੋਜ਼ਪੁਰ (ਪੰਜਾਬ) ਵਿਖੇ 100 ਬਿਸਤਰਿਆਂ ਵਾਲੇ ਹਸਪਤਾਲ ਦੇ ਇੱਕ ਹੋਰ ਸੈਟੇਲਾਈਟ ਸੈਂਟਰ ਨੂੰ ਵੀ ਮਨਜ਼ੂਰੀ ਦਿੱਤੀ ਗਈ ਸੀ। ਦੂਰ-ਦਰਾਜ਼ ਦੇ ਖੇਤਰ ਜਿੱਥੇ ਕੋਈ ਮਲਟੀ-ਸਪੈਸ਼ਲਿਟੀ ਹਸਪਤਾਲ ਨਹੀਂ ਹੈ ਜੋ ਐਮਰਜੈਂਸੀ ਦੀ ਸਥਿਤੀ ਵਿੱਚ ਇਲਾਜ ਪ੍ਰਦਾਨ ਕਰ ਸਕਦਾ ਹੈ; ਜ਼ਿਲ੍ਹੇ ਦੇ ਲੋਕਾਂ ਕੋਲ ਲੁਧਿਆਣਾ, ਬਠਿੰਡਾ, ਜਲੰਧਰ, ਚੰਡੀਗੜ੍ਹ ਜਿਹੇ ਵੱਡੇ ਸ਼ਹਿਰਾਂ ਵੱਲ ਭੱਜਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ।

ਇਸ ਕੇਂਦਰ ਲਈ, ਭਾਰਤ ਸਰਕਾਰ ਦੇ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਪੱਤਰ ਨੰਬਰ ੭-17020/163/2019-9©9-99, ਮਿਤੀ 25 ਸਤੰਬਰ, 2019 ਦੁਆਰਾ ਫਿਰੋਜ਼ਪੁਰ, ਪੰਜਾਬ ਵਿਖੇ 100 ਬਿਸਤਰਿਆਂ ਵਾਲੇ ਪੀਜੀਆਈ ਸੈਟੇਲਾਈਟ ਸੈਂਟਰ ਦੀ ਸਥਾਪਨਾ ਲਈ 490.54 ਕਰੋੜ ਰੁਪਏ (ਇਮਾਰਤ ਦੀ ਉਸਾਰੀ - 301.00 ਰੁਪਏ, ਉਪਕਰਣ - 61.54 ਰੁਪਏ ਅਤੇ ਮਾਨਵ ਸ਼ਕਤੀ - 128.00 ਰੁਪਏ) ਦੇ ਲਈ ਸਕੱਤਰ (ਐੱਚਐੱਫਡਬਲਿਊ-86➡) ਦੀ ਪ੍ਰਵਾਨਗੀ ਬਾਰੇ ਜਾਣੂ ਕਰਵਾਇਆ।

ਲੋੜਾਂ ਦੇ ਅਨੁਪਾਲਣ ਅਨੁਸਾਰ, ਪ੍ਰਮੁੱਖ ਸਕੱਤਰ, ਮੈਡੀਕ

ਸੂਫ਼ੀ ਸਿਲਸਿਲਾ (10)

ਮਲਾਮਤੀ

ਸੂਫ਼ੀ ਸਿਲਸਿਲਿਆਂ ਦਾ ਆਰੰਭ ਹਜ਼ਰਤ ਅਬੂ ਬਕਰ ਸਿੱਦੀਕੀ ਤੇ ਹਜ਼ਰਤ ਅਲੀ ਮੁਰਤਜ਼ਾ ਦੇ ਸਮੇਂ ਤੋਂ ਮੰਨਿਆ ਜਾਂਦਾ ਹੈ। ਮੁੱਢਲੇ ਦੌਰ ਵਿਚ 14 ਸੂਫ਼ੀ ਸਿਲਸਿਲੇ ਪ੍ਰਚਲਿਤ ਹੋਏ। ਬਾਅਦ ਵਿਚ ਇਨ੍ਹਾਂ ਸਿਲਸਿਲਿਆਂ 'ਚੋਂ ਹੋਰ ਬਹੁਤ ਸਾਰੇ ਸਿਲਸਿਲਿਆਂ ਦਾ ਪ੍ਰਚਲਨ ਜਾਰੀ ਰਿਹਾ। ਸੂਫ਼ੀ ਸਿਲਸਿਲਿਆਂ ਦੀ ਗਿਣਤੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਭਾਰਤ 'ਚ ਜਿਹੜੇ ਸੂਫ਼ੀ ਸਿਲਸਿਲੇ ਜ਼ਿਆਦਾ ਮਕਬੂਲ ਰਹੇ ਹਨ, ਉਨ੍ਹਾਂ ਵਿਚ ਚਿਸ਼ਤੀ ਸਿਲਸਿਲਾ, ਕਾਦਿਰੀ ਸਿਲਸਿਲਾ, ਸੁਹਰਵਰਦੀ ਸਿਲਸਿਲਾ, ਨਕਸ਼ਬੰਦੀ ਸਿਲਸਿਲਾ ਤੇ ਮਲਾਮਤੀ ਸਿਲਸਿਲਾ ਪ੍ਰਮੁੱਖ ਹਨ।

ਮਲਾਮਤੀ ਸੂਫ਼ੀ ਸਿਲਸਿਲੇ ਦਾ ਆਰੰਭ ਹਜ਼ਰਤ ਅਬੂ ਹਮਦੂਨ ਕਸਾਰ ਤੋਂ ਮੰਨਿਆ ਜਾਂਦਾ ਹੈ। ਰਵਾਇਤ ਮੁਤਾਬਿਕ ਉਹ ਮਿਸਰ ਦੇ ਪ੍ਰਸਿੱਧ ਸੂਫ਼ੀ ਸ਼ੇਖ਼ ਹਜ਼ਰਤ ਜ਼ੁਨਨੂਨ ਮਿਸਰੀ ਦਾ ਮੁਰੀਦ ਸੀ। ਮਲਾਮਤੀ ਸੂਫ਼ੀ ਮਲਾਮਤ ਵਾਲਾ ਵਤੀਰਾ ਕਈ ਵਾਰੀ ਜਾਣ ਬੁੱਝ ਕੇ ਵੀ ਅਖ਼ਤਿਆਰ ਕਰ ਲੈਂਦੇ ਹਨ ਤਾਂ ਕਿ ਲੋਕ ਉਨ੍ਹਾਂ ਤੋਂ ਨਫ਼ਰਤ ਖਾ ਕੇ ਉਨ੍ਹਾਂ ਨੂੰ ਤਰਕ ਕਰ ਜਾਣ ਅਤੇ ਉਹ ਆਰਾਮ ਨਾਲ ਇਬਾਦਤ ਅਤੇ ਰਿਆਜ਼ਤ ਦਾ ਮਾਰਗ ਅਪਣਾ ਸਕਣ। ਮਲਾਮਤੀ ਸੂਫ਼ੀਆਂ ਦੀਆਂ ਹਰਕਤਾਂ ਆਮ ਕਰਕੇ ਐਸੀਆਂ ਹੁੰਦੀਆਂ ਹਨ, ਜੋ ਬਾਹਰੀ ਤੌਰ 'ਤੇ ਸ਼ਰੀਅਤ ਵਿਰੋਧੀ ਜਾਪਦੀਆਂ ਹਨ, ਜਿਵੇਂ ਰੋਜ਼ਿਆਂ ਦੇ ਦਿਨਾਂ ਵਿਚ ਖਾਣਾ-ਪੀਣਾ, ਨੱਚਣਾ, ਗਾਉਣਾ, ਭੰਗ ਪੀਣਾ, ਨੰਗੇ ਘੁੰਮਣਾ ਆਦਿ।

ਮਲਾਮਤੀ ਸੂਫ਼ੀ ਕਿਸੇ ਵੀ ਸਿਲਸਿਲੇ ਵਿਚ ਹੋ ਸਕਦੇ ਹਨ, ਇਨ੍ਹਾਂ ਲਈ ਕੋਈ ਸਥਾਪਤ ਸੂਫ਼ੀ ਸਿਲਸਿਲਾ ਨਹੀਂ। ਪੰਜਾਬੀ ਦੇ ਪ੍ਰਸਿੱਧ ਸੂਫ਼ੀ ਸ਼ਾਇਰ ਹਜ਼ਰਤ ਸ਼ਾਹ ਹੁਸੈਨ ਨੂੰ ਮਲਾਮਤੀ ਰੁਚੀਆਂ ਵਾਲਾ ਸੂਫ਼ੀ ਮੰਨਿਆ ਜਾਂਦਾ ਹੈ, ਜੋ ਅਕਸਰ ਸਿਰ-ਮੂੰਹ ਮੁਨਾ ਕੇ ਰੱਖਦੇ ਸਨ ਅਤੇ ਭੰਗ ਪੀ ਕੇ ਨੱਚਦੇ ਗਾਉਂਦੇ ਸਨ। ਪ੍ਰਸਿੱਧ ਸੂਫ਼ੀ ਦਰਵੇਸ਼ ਹਜ਼ਰਤ ਸਰਮਦ ਸ਼ਹੀਦ ਵੀ ਮਲਾਮਤੀ ਰੁਚੀਆਂ ਵਾਲਾ ਫ਼ਕੀਰ ਸੀ, ਜੋ ਨੰਗਾ ਰਹਿੰਦਾ ਸੀ ਅਤੇ ਸ਼ਰੀਅਤ ਵਿਰੋਧੀ ਕਲਮੇ ਬੋਲਦਾ ਸੀ।

• ਪ੍ਰਿੰ. ਗੁਰਚਰਨ ਸਿੰਘ ਤਲਵਾੜਾ
94634-63193

ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫ਼ਰਨਾਮਾ

ਕਿਸ਼ਤ ਪੰਜਵੀਂ

ਦੋ ਦਿਨ ਬਾਅਦ ਸਵੇਰ ਦੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਸੰਗਤ ਵਿਚ ਜਨਾਬ ਯਾਕੂਬ ਇਬਨੇ ਸਹਿਲੱਬ ਨੇ ਸੰਗਤ ਨੂੰ ਦੱਸਿਆ,

"ਇਨਲ ਹਾਜਰੀਨਾ ਵ ਪਾਸ਼ਾਹਾਲੀ ਹਲਾਕਾੜੂਨ ਫੀ ਮਰਜ਼ੇ ਪਲੀਜੇ ਸਲਸਹੂ ਬਜਾਨਬੇ ਮਰਗ, ਹਜੀਂ ਮਹਜ਼, ਜ਼ਾਤੂਨ ਹਾਜਾਨਬੀ ਫਲਾਇਲਕਾ ਨਾਨਕ ਤੌਹੀਨਾ ਤ ਮੁਰਤਦਾਤੂਨ।"

ਭਾਵ, ਪਾਸ਼ਾਹਾਲੀ ਤਿੰਨ ਦਿਨ ਤੋਂ ਪੇਟ ਦੀ ਬਿਮਾਰੀ ਨਾਲ ਤੜਪ ਰਿਹਾ ਹੈ, ਇਸ ਲਈ ਕਿ ਉਸ ਨੇ ਬਾਬਾ ਜੀ ਨੂੰ ਕਾਫ਼ਰ ਦਾ ਫ਼ਤਵਾ ਦਿੱਤਾ ਹੈ।

ਸੰਗਤ ਨੇ ਸੁਣ ਕੇ ਕਿਹਾ, *'ਲਾਹਨਤੁਲ ਹੇ ਅਲੁਲ ਖਨਾਸ'*, ਭਾਵ ਖ਼ੁਦਾ ਪਾਕਿ ਦੀ ਲਾਹਨਤ ਹੋਵੇ ਉਸ ਸ਼ੈਤਾਨ ਉੱਪਰ। ਬਾਬਾ ਜੀ ਨੇ ਸੰਗਤ ਨੂੰ ਹੌਸਲਾ ਰੱਖਣ ਲਈ ਆਖਿਆ ਤੇ ਆਖਿਆ ਕਿ ਅਸੀਂ ਉਸ ਦੀ ਬਿਮਾਰ-ਪਰਸੀ ਲਈ ਜਾਵਾਂਗੇ। ਮਰਦਾਨਾ ਜੀ ਨੇ ਆਖਿਆ ਕਿ ਇਹ ਕੈਸਾ ਇਨਸਾਫ਼ ਹੈ, ਉਸ ਨੂੰ ਮਰਨ ਦੇਣਾ ਚਾਹੀਦਾ ਹੈ। ਗੁਰੂ ਜੀ ਨੇ ਕਿਹਾ 'ਬੁਰੇ ਦਾ ਭਲਾ ਕਰਨਾ ਚਾਹੀਦਾ ਹੈ।' ਇਹ ਆਖ ਕੇ ਬਾਬਾ ਜੀ ਉਸ ਦੀ ਬਿਮਾਰ-ਪਰਸੀ ਲਈ ਤੁਰ ਪਏ। ਉਨ੍ਹਾਂ ਦੇ ਪਿੱਛੇ-ਪਿੱਛੇ ਮਰਦਾਨਾ ਜੀ ਤੇ ਤਾਜਦੀਨ ਵੀ ਤੁਰ ਪਏ। ਉਸ ਦੇ ਘਰ ਜਾ ਕੇ ਦਰਵਾਜ਼ਾ ਖੜਕਾਇਆ ਤਾਂ ਕਰੀਬ ਗਿਆਰਾਂ ਸਾਲ ਦੀ ਲੜਕੀ ਨੇ ਦਰਵਾਜ਼ਾ ਖੋਲ੍ਹਿਆ, 'ਆਪ ਕੌਣ ਹੋ ਤੇ ਕੀ ਕੰਮ ਹੈ?' ਬਾਬਾ ਜੀ ਨੇ ਆਖਿਆ, 'ਮੇਰਾ ਨਾਮ ਨਾਨਕ ਹੈ ਤੇ ਕਾਜ਼ੀ ਜੀ ਨੂੰ ਮਿਲਣਾ ਹੈ।' ਲੜਕੀ ਤੋਂ ਨਾਨਕ ਨਾਮ ਸੁਣ ਕੇ ਪਾਸ਼ਾਹਾਲੀ ਅੱਗ ਬਗ਼ੂਲਾ ਹੋ ਕੇ ਬੋਲਿਆ, 'ਇਨ੍ਹਾਂ ਨੂੰ ਕਹਿ ਕੇ ਮੇਰੇ ਘਰ ਤੋਂ ਤੁਰੰਤ ਚਲੇ ਜਾਣ।' ਲੜਕੀ ਨੇ ਬਾਬਾ ਜੀ ਨੂੰ ਇੰਜ ਹੀ ਕਹਿ ਦਿੱਤਾ। ਬਾਬਾ ਜੀ ਨੇ ਲੜਕੀ ਨੂੰ ਕਿਹਾ, 'ਉਨ੍ਹਾਂ ਨੂੰ ਕਹੋ ਕਿ ਤੁਹਾਡੀ ਬਿਮਾਰੀ-ਪਰਸੀ ਲਈ ਆਏ ਹਾਂ।' ਬਾਬਾ ਜੀ ਦੇ ਦਰਸ਼ਨ ਕਰ ਕੇ, ਲੜਕੀ ਦੇ ਦਿਲ 'ਤੇ ਬੜਾ ਚੰਗਾ ਅਸਰ ਹੋਇਆ। ਲੜਕੀ ਨੇ ਪਿਤਾ ਨੂੰ ਫਿਰ ਬਾਬਾ ਜੀ ਵੱਲੋਂ ਆਖੇ ਸ਼ਬਦ ਕਹੇ ਤਾਂ ਉਸ ਨੇ ਪਹਿਲਾਂ ਵਾਲਾ ਹੀ ਜਵਾਬ ਦਿੱਤਾ। ਲੜਕੀ ਕਹਿਣ ਲੱਗੀ, 'ਮੈਂ ਨਹੀਂ ਕਹਿ ਸਕਦੀ, ਚੰਗਾ ਹੈ ਕਿ ਆਪ ਚਲੇ ਜਾਵੋ।' ਲੜਕੀ ਨੂੰ ਬਾਬਾ ਜੀ ਨੇ ਕਿਹਾ ਕਿ 'ਉਸ ਨੂੰ ਕਹੋ ਕਿ ਆਪ ਦੇ ਕਾਫ਼ਰ ਮਾਫ਼ੀ ਮੰਗਣ ਆਏ ਹਨ।' ਇਹ ਸੁਣ ਕੇ ਉਸ ਨੇ ਲੜਕੀ ਨੂੰ ਕਿਹਾ ਕਿ 'ਰਸਤੇ ਵਿਚ ਚਾਦਰ ਵਿਛਾ ਕੇ ਉਨ੍ਹਾਂ ਨੂੰ ਅੰਦਰ ਆਉਣ ਲਈ ਕਹਿ ਦੇ।' ਲੜਕੀ ਨੇ ਇੰਜ ਹੀ ਕੀਤਾ ਤਾਂ ਬਾਬਾ ਜੀ ਅੰਦਰ ਆ ਗਏ। ਗੁਰੂ ਜੀ ਦੇ ਦੀਦਾਰ ਕਰ ਕੇ ਕਾਜ਼ੀ ਦੀ ਅੱਗ ਬਗ਼ੂਲਾ ਆਤਮਾ ਠੰਡੀ-ਸੀਤਲ ਹੋ ਗਈ। ਉਸ ਦੀ ਨਾਸਮਝੀ ਦੇ ਤਾਲੇ ਟੁੱਟ ਗਏ। ਬਾਬਾ ਨਾਨਕ ਦੀ ਦੀ ਕਦਮ ਬੋਸੀ (ਸੇਵਾ) ਲਈ ਉੱਠਣ ਦੀ ਕੋਸ਼ਿਸ਼ ਕੀਤੀ ਪਰ ਕਮਜ਼ੋਰੀ ਹੋਣ ਕਾਰਨ, ਉੱਠ ਨਾ ਸਕਿਆ ਤਾਂ ਬਾਬਾ ਜੀ ਨੇ ਉਸ ਦੇ ਬਗਲ ਵਿਚ ਹੱਥ ਪਾਇਆ ਹੀ ਸੀ ਕਿ ਉਹ ਬਿਲਕੁਲ ਤੰਦਰੁਸਤ ਹੋ ਗਿਆ। ਬਾਬਾ ਜੀ ਨੇ ਉਸ ਨੂੰ ਗਲ ਨਾਲ ਲਾਇਆ। ਮਰਦਾਨਾ ਜੀ ਤੇ ਤਾਜਦੀਨ ਹੈਰਾਨ ਹੋਏ ਕਿ ਦੁਸ਼ਮਣ ਨੂੰ ਗਲੇ ਲਾ ਲਿਆ ਹੈ। ਹੁਣ ਪਾਸ਼ਾਹਾਲੀ ਕਾਜ਼ੀ ਦੇਖਦਾ ਹੈ ਕਿ ਫ਼ਰਿਸ਼ਤੇ ਉਸ ਨੂੰ ਘੜੀਸ ਕੇ ਦੋਜ਼ਕ ਦੀ ਅੱਗ 'ਚ ਪਾਉਣ ਲਈ ਲਿਜਾ ਰਹੇ ਹਨ। ਉਸ ਸਮੇਂ ਅਸਮਾਨੀ ਆਵਾਜ਼ ਆਈ, 'ਖ਼ਬਰਦਾਰ! ਇਸ ਨੂੰ ਦੋਜ਼ਕ ਦੀ ਅੱਗ 'ਚ ਨਾ ਪਾਓ, ਇਹ ਬਖ਼ਸ਼ ਦਿੱਤਾ ਗਿਆ ਹੈ। ਇਹ ਹੁਣ ਜੱਨਤ 'ਚ ਜਾਵੇਗਾ।' ਜਮਦੂਤਾਂ ਨੇ ਪੁੱਛਿਆ ਕਿ ਇਤਨੇ ਥੋੜ੍ਹੇ ਸਮੇਂ 'ਚ ਇਸ ਨੂੰ ਕਿਵੇਂ ਬਖ਼ਸ਼ ਦਿੱਤਾ ਗਿਆ? ਜਵਾਬ ਮਿਲਿਆ ਕਿ ਖ਼ੁਦਾਵੰਦ ਕਰੀਮ ਆਲਮਗੀਰ ਜਾਮਾ ਪਹਿਨ ਕੇ ਦੁਨੀਆ ਦਾ ਸਫ਼ਰ ਕਰ ਰਹੇ ਹਨ। ਇਸ ਨੂੰ ਉਨ੍ਹਾਂ ਦਾ ਦੀਦਾਰ ਹੋਇਆ ਹੈ। ਇਹ ਨਜ਼ਾਰਾ ਵੇਖਣ ਤੋਂ ਬਾਅਦ ਤਾਜਦੀਨ ਚੱਲ ਵਸਿਆ ਹੈ। ਤਿੰਨ ਦਿਨ ਤੋਂ ਮੌਤ ਦੇ ਬਿਸਤਰ 'ਤੇ ਪਏ ਨੂੰ ਗੁਰੂ ਜੀ ਦੇ ਦੀਦਾਰ ਹੋਣ ਨਾਲ, ਉਸ ਨੂੰ ਜੱਨਤ ਨਸੀਬ ਹੋਈ। ਇਹ ਖ਼ਬਰ ਫ਼ੈਲੀ ਤਾਂ ਸਾਰਾ ਸ਼ਹਿਰ ਹੀ ਬਾਬਾ ਜੀ ਦੇ ਕਦਮਾਂ 'ਤੇ ਆ ਪਿਆ।

ਹੁਣ ਤਿੰਨ ਮਹੀਨੇ ਤੋਂ ਵੀ ਵਧੀਕ ਸਮੇਂ ਲਈ ਅਰਬੀ ਜ਼ੁਬਾਨ 'ਚ ਖ਼ੁਦਾ ਦੀ ਰਹਿਮਤ, ਉਸ ਦੀ ਬਖ਼ਸ਼ਿਸ਼, ਉਸ ਦੀਆਂ ਸਿਫ਼ਤਾਂ ਤੇ ਖਲਕਤ ਦੇ ਬਾਰੇ ਇਨਸਾਨੀ ਫ਼ਰਜ਼ਾਂ ਨੂੰ ਦੱਸਦੇ ਹੋਏ ਗੁਰਬਾਣੀ ਦਾ ਕੀਰਤਨ ਹੁੰਦਾ ਰਿਹਾ। ਗੁਰਬਾਣੀ ਦੇ ਅਰਥ ਸਮਝਾਂਦੇ ਹੋਏ ਬਾਬਾ ਜੀ ਨੇ ਹਾਜ਼ਰੀਨ (ਸੰਗਤਾਂ) ਨੂੰ ਦੱਸਿਆ ਕਿ ਬਦੀਆਂ ਨੂੰ ਤਲਾਕ ਦੇ ਕੇ ਸੱਚੀ ਜ਼ਿੰਦਗੀ ਅਪਣਾਉ ਤੇ ਉੱਠਦੇ, ਬੈਠਦੇ, ਚੱਲਦੇ-ਫਿਰਦੇ, 'ਸਤਿ ਕਰਤਾਰ' ਦੀ ਧੁਨੀ 'ਚ ਮਸਰੂਫ਼ ਰਹਿਣ ਦੇ ਅਮਲ ਨੂੰ ਪੱਕਾ ਕੀਤਾ। ਆਖ਼ਰੀ ਦਿਨ ਸਲੀਮਾ ਤੇ ਉਸ ਦੇ ਪਤੀ ਯਹੀਆ ਖ਼ਾਨ ਨੇ ਅਰਜ਼ ਕੀਤੀ ਕਿ ਆਪ ਦਾ ਵਿਛੋੜਾ ਸਹਿਣ ਨਹੀਂ ਹੋਵੇਗਾ। ਫਿਰ ਕਦੋਂ ਦੀਦਾਰ ਹੋਣਗੇ? ਗੁਰੂ ਜੀ ਨੇ ਅਰਬੀ ਭਾਸ਼ਾ 'ਚ ਜਪੁਜੀ ਸਾਹਿਬ ਦਾ ਗੁਟਕਾ ਦੇਂਦੇ ਹੋਏ ਕਿਹਾ, 'ਇਸ ਦਾ ਪਾਠ ਮਨ ਲਾ ਕੇ ਕਰਨਾ ਤਾਂ ਮੇਰੇ ਦੀਦਾਰ ਹੋਣਗੇ।' ਗੁਲਾਮ ਯਹੀਆ ਖ਼ਾਨ ਨੇ ਉਸ ਕਬਰਸਤਾਨ 'ਚ ਬਾਬਾ ਜੀ ਦੀ ਖ਼ੂਬਸੂਰਤ ਯਾਦਗਾਰ ਬਣਵਾਈ - 'ਯਾਦਗਾਰ ਵਲੀ ਹਿੰਦ।' ਤਾਜਦੀਨ ਅਨੁਸਾਰ ਇਸ ਸ਼ਹਿਰ 'ਚ 15 ਫ਼ੀਸਦੀ ਲੋਕ ਬਾਬਾ ਜੀ ਨੂੰ ਮੰਨਣ ਵਾਲੇ ਹਨ। ਇਨ੍ਹਾਂ ਵਿਚ ਸ਼ਿਆਦਾਤਰ ਇਮਾਮ ਮਾਵਿਆ ਤੇ ਹਜ਼ਰਤ ਮੁਹੰਮਦ ਸਾਹਿਬ ਦੇ ਬਜ਼ੁਰਗਾਂ ਦੀ ਔਲਾਦ ਵਿਚੋਂ ਹਨ। ਇਥੇ ਜਪੁਜੀ ਸਾਹਿਬ ਦੇ ਉਸ ਗੁਟਕੇ (ਪੋਥੀ) ਦੇ ਅੱਜ ਵੀ ਲੋਕਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

ਬਗ਼ਦਾਦ ਵਿਖੇ ਗੁਰੂ ਨਾਨਕ ਸਾਹਿਬ ਦੀ ਆਮਦ 'ਚ ਬਣੀ 'ਯਾਦਗਾਰ ਵਲੀ ਹਿੰਦ।'

ਕਾਰੂੰ ਹਮੀਦ ਦਾ ਪਾਰ-ਉਤਾਰਾ

ਇਥੋਂ ਚੱਲ ਕੇ ਬਾਬਾ ਜੀ ਦਜਲੇ ਦੀ ਖਾੜੀ ਪਾਰ ਕਰ ਕੇ ਇਕ ਸ਼ਹਿਰ ਪੁੱਜੇ, ਜਿਸ ਦਾ ਨਾ 'ਕੈ ਕੈ' ਸੀ। ਇਹ ਮਿਸਰ ਦੇ ਬਾਦਸ਼ਾਹ ਦਾ ਸ਼ਹਿਰ ਸੀ। ਬਾਦਸ਼ਾਹ ਦੇ ਕਿਲ੍ਹੇ ਦੇ ਬਾਹਰ ਬਾਬਾ ਜੀ ਨੇ ਦਰਬਾਰ ਲਗਾਇਆ ਤੇ ਮਿਸਰੀ ਜ਼ੁਬਾਨ 'ਚ ਕੀਰਤਨ ਕਰਨਾ ਸ਼ੁਰੂ ਕੀਤਾ। ਕੀਰਤਨ ਦੀ ਆਵਾਜ਼ ਸੁਣ ਕੇ ਬਾਦਸ਼ਾਹ ਦਾ ਮੁਰਸ਼ਦ ਤੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਕੀਰਤਨ ਸੁਣ ਕੇ ਉਨ੍ਹਾਂ ਦੇ ਦਿਲਾਂ ਨੂੰ ਠੰਡਕ ਪੁੱਜੀ। ਬਾਦਸ਼ਾਹ ਦਾ ਨਾਂ ਕਾਰੂੰ ਹਮੀਦ ਸੀ। ਬਾਦਸ਼ਾਹ ਦਾ ਮੁਰਸ਼ਦ 'ਪੀਰ ਜਲਾਲ' ਸੀ। ਕੀਰਤਨ ਦਾ ਉਸ ਦੇ ਮਨ 'ਤੇ ਬਹੁਤ ਚੰਗਾ ਅਸਰ ਹੋਇਆ। ਬਾਬਾ ਜੀ ਨੂੰ ਅਰਜ਼ ਕੀਤੀ ਕਿ ਮੈਂ ਬਾਦਸ਼ਾਹ ਦਾ ਮੁਰਸ਼ਦ ਹਾਂ, ਉਹ ਬਹੁਤ ਜ਼ਾਲਮ ਹੈ। ਲੋਕਾਂ ਨੂੰ ਦੁਖੀ ਕਰ ਰਿਹਾ ਹੈ। ਬਹੁਤ ਕੰਜੂਸ ਹੈ। ਚਾਲੀ ਗੰਜ ਦੌਲਤ ਦੇ ਇਕੱਠੇ ਕਰ ਰੱਖੇ ਹਨ। ਹੁਣ ਵੀ ਤਸੱਲੀ ਨਹੀਂ, ਲੋਕਾਂ ਦੇ ਕਫ਼ਨ ਤਕ ਉਤਾਰ ਕੇ ਆਪਣਾ ਖ਼ਜ਼ਾਨਾ ਭਰ ਰਿਹਾ ਹੈ। ਉਸ ਨੂੰ ਸਿੱਧੇ ਰਾਹ ਪਾਓ।

ਬਾਬਾ ਜੀ ਨੇ ਕਿਹਾ, 'ਮੈਂ ਆਇਆ ਹੀ ਇਸੇ ਲਈ ਹਾਂ। ਖ਼ੁਦਾ ਭਲਾ ਕਰੇਗਾ।' ਪੀਰ ਜਲਾਲ ਨੂੰ ਵੇਖ ਕੇ ਇਥੇ ਵੱਡੀ ਸੰਗਤ ਕੀਰਤਨ ਸੁਣ ਕੇ ਆਪਣੀਆਂ ਆਤਮਾਵਾਂ ਨੂੰ ਸ਼ਾਂਤ ਕਰਨ ਲੱਗ ਪਈਆਂ। ਪੀਰ ਜਲਾਲ ਨੇ ਬਾਦਸ਼ਾਹ ਨੂੰ ਦੱਸਿਆ ਕਿ ਕਿਲ੍ਹੇ ਦੇ ਬਾਹਰ ਹਿੰਦ ਦਾ ਇਕ ਭਾਰੀ ਪੀਰ ਆਇਆ ਹੋਇਆ ਹੈ, ਜਿਨ੍ਹਾਂ ਦੇ ਦੀਦਾਰ ਕਰ ਕੇ ਆਤਮਾ ਖਿੜ ਉੱਠਦੀ ਹੈ। ਮੱਕਾ ਕਾਅਬਾ ਨੇ ਵੀ ਉਸ ਦਾ ਤੁਵਾਫ਼ (ਪਰਕਰਮਾ) ਕੀਤਾ ਹੈ। ਉਹ ਕੀਰਤਨ ਕਰਦੇ ਹਨ, ਜਿਸ 'ਚ ਬੜੀ ਕਸ਼ਿਸ਼ ਹੈ। ਬਾਦਸ਼ਾਹ ਨੇ ਕਿਹਾ ਕਿ ਮੈਨੂੰ ਵੀ ਦਰਸ਼ਨ ਕਰਵਾਓ। ਪੀਰ ਜਲਾਲ ਉਸ ਨੂੰ ਲੈ ਕੇ ਗੁਰੂ ਦਰਬਾਰ ਵਿਚ ਪੁੱਜੇ। ਸ਼ਾਮ ਦਾ ਸਮਾਂ ਸੀ। ਲੋਕਾਂ ਦੀ ਭੀੜ ਦੇਖ ਕੇ ਬਾਦਸ਼ਾਹ ਹੈਰਾਨ ਹੋਇਆ ਤੇ ਦੀਦਾਰ ਕਰਦੇ ਹੀ ਆਤਮਾ 'ਤੇ ਭਾਰੀ ਅਸਰ ਹੋਇਆ। ਸਜਦਾ ਕਰ ਕੇ ਬੈਠ ਗਿਆ। ਬਾਬਾ ਜੀ ਨੂੰ ਅਰਜ਼ ਕੀਤੀ ਕਿ ਹਜ਼ੂਰ ਮੇਰੇ 'ਤੇ ਵੀ ਰਹਿਮਤ ਕਰੋ ਤਾਂ ਕਿ ਨਜਾਤ ਪਾ ਸਕਾਂ। ਬਾਬਾ ਜੀ ਨੇ ਉਸ ਦੇ ਹੱਥ ਵਿਚ ਇਕ ਸੂਈ ਦੇ ਕੇ ਕਿਹਾ, ਇਹ ਮੇਰੀ ਅਮਾਨਤ ਹੈ, ਇਸ ਨੂੰ ਸੰਭਾਲ ਕੇ ਰੱਖਣਾ। ਉਸ ਨੇ ਸੂਈ ਫੜ ਕੇ ਕਿਹਾ ਕਿ ਇਹ ਅਮਾਨਤ ਕਦੋਂ ਵਾਪਸ ਲਉਗੇ। ਬਾਬਾ ਜੀ ਨੇ ਕਿਹਾ ਅਗਲੇ ਜਹਾਨ ਜਾ ਕੇ ਲਵਾਂਗਾ। ਬਾਦਸ਼ਾਹ ਕਹਿਣ ਲੱਗਾ ਕਿ ਅਗਲੇ ਜਹਾਨ ਤਾਂ ਕੁਝ ਨਾਲ ਨਹੀਂ ਜਾਂਦਾ। ਬਾਬਾ ਜੀ ਨੇ ਕਿਹਾ, ਜੋ ਚਾਲੀ ਗੰਜ ਦੌਲਤ ਦੇ ਇਕੱਠੇ ਕਰ ਰਹੇ ਹੋ, ਉਸ ਦਾ ਕੀ ਕਰੋਗੇ? ਉਸ ਨੂੰ ਰਮਜ਼ ਦੀ ਸਮਝ ਆਈ ਤਾਂ ਕਹਿਣ ਲੱਗਾ ਕਿ ਆਪ ਹੀ ਦੱਸੋ ਕੀ ਕਰਾਂ? ਗੁਰੂ ਜੀ ਨੇ ਕਿਹਾ ਕਿ ਇਸ ਨੂੰ ਗ਼ਰੀਬਾਂ 'ਚ ਵੰਡ ਦਿਓ, ਲੋਕਾਂ ਦੀ ਭਲਾਈ ਦੇ ਕੰਮ ਕਰੋ ਤੇ ਖ਼ੁਦਾ ਦੇ ਨਾਮ ਨੂੰ ਦਿਲ 'ਚ ਵਸਾ ਕੇ ਹਰਦਮ ਉਸ ਦੀ ਬੰਦਗੀ ਕਰੋ। ਇਸੇ 'ਚ ਨਜਾਤ ਹੈ।

ਇਹ ਸੁਣ ਕੇ ਉਸ ਨੇ ਇਕਰਾਰ ਕੀਤਾ ਕਿ ਉਹ ਇੰਜ ਹੀ ਕਰੇਗਾ। ਪੀਰ ਜਲਾਲ ਨੇ ਉਹ ਸੂਈ ਸੰਭਾਲ ਕੇ ਰੱਖ ਲਈ। ਦੇਸ਼ ਦੇ ਗ਼ਰੀਬਾਂ 'ਚ ਉਹ ਦੌਲਤ ਵੰਡ ਦਿੱਤੀ ਗਈ। ਸਾਰੇ ਮੁਲਕ 'ਚ ਬਾਬਾ ਜੀ ਦੀ ਜੈ ਜੈਕਾਰ ਹੋਣ ਲੱਗੀ। ਉਸ ਪੀਰ ਨੇ 'ਕੈ ਕੈ' ਸ਼ਹਿਰ ਦੇ ਬਾਹਰ ਨਹਿਰ ਫ਼ਰਾਤ ਦੇ ਕਿਨਾਰੇ ਗੁਰੂ ਜੀ ਦੀ ਨੇਕੀ ਫੈਲਾਉਣ ਲਈ ਇਕ ਚਬੂਤਰਾ ਬਣਵਾਇਆ, ਜਿਸ ਦਾ ਨਾਂ 'ਵਲੀ ਹਿੰਦ' ਹੈ। ਇਥੇ ਹੀ ਗੁਰੂ ਜੀ ਦੀ ਉਸ 'ਸੂਈਂ' ਦੇ ਦੀਦਾਰ ਕਰਵਾਏ ਜਾਂਦੇ ਹਨ ਤੇ ਇਹ ਕਹਾਣੀ ਲੋਕਾਂ ਨੂੰ ਦੱਸੀ ਜਾਂਦੀ ਹੈ। ਸਈਦ ਪ੍ਰਿਥੀਪਾਲ ਸਿੰਘ (ਮੁਸ਼ਤਾਕ ਹੁਸੈਨ) ਨੇ ਭਾਸ਼ਣ ਵਿਚ ਸੰਗਤਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਵੀ ਉਸ ਸੂਈ ਦੇ ਦਰਸ਼ਨ ਕੀਤੇ ਹਨ।

ਡਾ. ਜਸਬੀਰ ਸਿੰਘ ਸਰਨਾ
99065-66604

ਪੀਰ ਬਗ਼ਦਾਦ ਨਾਲ ਮੁਲਾਕਾਤ ਤੇ ਉਸ ਨੂੰ ਨਜਾਤ

ਇਸ ਤੋਂ ਬਾਅਦ ਬਾਬਾ ਨਾਨਕ ਦੀ, ਪੀਰ ਬਗ਼ਦਾਦ ਦੀ ਨਜਾਤ ਲਈ ਸ਼ਹਿਰ ਬਗ਼ਦਾਦ ਗਏ। ਸ਼ਹਿਰ ਦੇ ਮਸ਼ਰਕ (ਪੂਰਬ) ਵੱਲ ਵੱਡੇ ਕਬਰਸਤਾਨ ਵਿਚ ਖੜ੍ਹੂਰਾਂ ਦੇ ਜੰਗਲ 'ਚ ਡੇਰਾ ਕੀਤਾ ਅਤੇ 'ਪਾਤਾਲਾਂ ਪਾਤਾਲ ਲੱਖ ਆਗਾਸਾਂ ਆਗਾਸ' ਸ਼ਬਦ ਗਾਇਆ ਤੇ ਸੰਗਤਾਂ ਨੂੰ ਸਮਝਾਇਆ ਕਿ ਖ਼ੁਦਾ ਨੇ ਸਾਡੇ ਵਰਗੀਆਂ ਲੱਖਾਂ ਦੁਨੀਆ ਬਣਾਈਆਂ ਹਨ। ਇਨ੍ਹਾਂ ਹਾਜ਼ਰੀਨ ਵਿਚ ਪੀਰ ਬਗ਼ਦਾਦ ਦਾ ਮੁਰੀਦ ਵੀ ਸੀ। ਉਹ ਦੌੜ ਕੇ ਪੀਰ ਕੋਲ ਗਿਆ ਤੇ ਜੋ ਸੁਣਿਆ ਸੀ ਉਸ ਨੂੰ ਕਿਹਾ ਤੇ ਦੱਸਿਆ ਕਿ ਸਾਡੇ ਨਬੀ ਪਾਕਿ ਨੇ ਚੌਦਾਂ ਤਬਕ ਬਣਾਏ ਹਨ, ਇਹ ਲੱਖਾਂ ਦੱਸ ਰਹੇ ਹਨ ਤੇ ਸ਼ਰੱਈ ਮੁਹੰਮਦੀ ਦੇ ਉਲਟ ਗਾਣਾ-ਵਜਾਉਣਾ ਕਰ ਰਹੇ ਹਨ। ਉੱਥੇ ਮੌਜੂਦ ਹੋਰ ਲੋਕਾਂ ਨੇ ਵੀ ਸੁਣਿਆ। ਉਸ ਸਮੇਂ ਇਹ ਪੀਰ ਪੰਜਵੀ ਬਾਵੇਂ 'ਇਸ ਗੱਦੀ ਦਾ ਮਾਲਕ ਸੀ ਤੇ ਉਸ ਦਾ ਨਾਂ ਅਬਦੁਲ ਰਹਿਮਾਨ ਸੀ। ਇਹ ਸੁਣਦੇ ਹੀ ਉਹ ਗੁੱਸੇ ਨਾਲ ਲਾਲ-ਪੀਲਾ ਹੋ ਗਿਆ ਤੇ ਕਹਿਣ ਲੱ

ਵੇਲਨੁਮਾ ਅੰਜੀਰ ਇਕ ਸਜਾਵਟੀ ਪੌਦਾ ਹੈ। ਨਿੱਕੇ-ਨਿੱਕੇ ਪੱਤਿਆਂ ਵਾਲਾ ਇਹ ਸਦਾਬਹਾਰ ਬੂਟਾ ਮਕਾਨਾਂ ਦੀਆਂ ਦੀਵਾਰਾਂ ਪੂਰੀ ਤਰ੍ਹਾਂ ਢਕ ਲੈਂਦਾ ਹੈ ਤੇ ਖੂਬਸੂਰਤ ਦਿੱਖ ਪ੍ਰਦਾਨ ਕਰਦਾ ਹੈ...

ਜਾਣੇ-ਪਛਾਣੇ ਰੁੱਖ
ਵੇਲਨੁਮਾ ਅੰਜੀਰ

ਅੰਜੀਰ ਦੀ ਫੁੱਲ ਦਾ ਇਹ ਰੁੱਖ ਭਾਰਤ ਦੇ ਲਗਪਗ ਸਾਰੇ ਹਿੱਸਿਆਂ ਵਿਚ ਪਾਏ ਜਾਣ ਵਾਲੇ ਰੁੱਖਾਂ ਵਿਚੋਂ ਇਕ ਹੈ। ਇਹ ਸੰਸਾਰ 'ਚ ਪਾਏ ਜਾਣ ਵਾਲੇ ਅੰਜੀਰ ਦੇ ਰੁੱਖਾਂ ਵਿਚੋਂ ਅਹਿਮ ਹੈ। ਦੁਨੀਆ ਵਿਚ ਅੰਜੀਰ ਦੀ ਇਹ ਵੰਨਗੀ ਇਕ ਰੁੱਖ ਦੇ ਰੂਪ ਵਿਚ ਨਹੀਂ ਸਗੋਂ ਇਕ ਵੇਲ ਦੇ ਰੂਪ ਵਿਚ ਮਿਲਦੀ ਹੈ। ਪਿਊਮੀਲਾ ਜਾਂ ਵੇਲਨੁਮਾ ਅੰਜੀਰ ਦੀ ਵੇਲ ਕੰਧਾਂ ਨੂੰ ਆਪਣੀਆਂ ਸੰਘਣੇ ਹਰੇ ਪੱਤਿਆਂ ਦੀ ਮੋਟੀ ਪਰਤ ਨਾਲ ਪੂਰੀ ਤਰ੍ਹਾਂ ਢਕ ਦਿੰਦੀਆਂ ਹਨ। ਟਾਹਣੀਆਂ ਉੱਪਰ ਨਿਕਲਣ ਵਾਲੀਆਂ ਜੜ੍ਹਾਂ ਦੇ ਸਹਾਰੇ ਇਹ ਵੇਲ ਅੱਗੇ ਤੋਂ ਅੱਗੇ ਵਧਦੀ ਰਹਿੰਦੀ ਹੈ ਤੇ ਕਈ ਵਾਰ ਪੂਰੀ ਦੀਵਾਰ ਨੂੰ ਆਪਣੇ ਕਲਾਵੇ ਵਿਚ ਲੈ ਕੇ ਕੱਜ ਲੈਂਦੀ ਹੈ। ਮੁੰਬਈ ਵਿਚ ਬਹੁਤ ਸਾਰੇ ਅਜਿਹੇ ਘਰ ਵੇਖੇ ਜਾ ਸਕਦੇ ਹਨ, ਜਿੱਥੇ ਇਹ ਤੀਸਰੀ ਮੰਜ਼ਿਲ ਤਕ ਪੁੱਜਾ ਆਮ ਵਿਖਾਈ ਦੇ ਜਾਂਦਾ ਹੈ।

ਵਿਸ਼ੇਸ਼ ਵਰਨਣ

ਇਸ਼ਕਪੇਚਾ ਅੰਜੀਰ ਜਾਂ ਵੇਲਨੁਮਾ ਅੰਜੀਰ ਦਾ ਮੂਲ ਸਥਾਨ ਚੀਨ ਅਤੇ ਜਾਪਾਨ ਹੈ। ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿਚ ਇਸ ਨੂੰ ਦੀਵਾਰਾਂ ਦੇ ਲਾਗੇ ਘਰਾਂ ਨੂੰ ਖੂਬਸੂਰਤ ਦਿੱਖ ਪ੍ਰਦਾਨ ਅਤੇ ਸਜਾਵਟ ਲਈ ਉਗਾਇਆ ਜਾਂਦਾ ਹੈ। ਇਹ ਇਕ ਸਦਾਬਹਾਰ ਪੌਦਾ ਹੈ ਅਤੇ ਇਕ ਵਾਰ ਜ਼ਮੀਨ 'ਚ ਜੜ੍ਹ ਫੜ ਲਵੇ ਤਾਂ ਇਸ ਦੀ ਜ਼ਿਆਦਾ ਦੇਖਭਾਲ ਦੀ ਲੋੜ ਨਹੀਂ ਪੈਂਦੀ। ਇਹ ਵੇਲਨੁਮਾ ਜਾਂ ਰੀਘਣ ਵਾਲੀ ਸਥਾਈ ਝਾੜੀ ਹੈ।

ਨਾਂ

'ਫਾਈਕਸ' ਲੜੀ ਜਾਂ ਅੰਜੀਰ ਦੀ ਕੁਲ ਵਿਚ ਦੋ ਅਹਿਮ ਰੁੱਖ ਪਿੱਪਲ (ਫਾਈਕਸ ਰੀਲਿਜਿਓਸਾ) ਅਤੇ ਬੋਹੜ (ਫਾਈਕਸ ਬੈਂਗਾਲੈਨਿਸਿਸ) ਆਉਂਦੇ ਹਨ, ਪਰ ਇਸ ਲੜੀ ਦੇ ਤੀਸਰੇ ਪੌਦੇ ਦਾ ਜ਼ਿਕਰ ਕੀਤਿਓਂ ਬਗ਼ੈਰ ਇਹ ਲੜੀ ਅਧੂਰੀ ਜਿਹੀ ਜਾਪਦੀ ਹੈ। ਇਸ ਲੜੀ ਦੇ ਤੀਸਰੇ ਅਹਿਮ ਬੂਟੇ ਦਾ ਵਿਗਿਆਨਕ ਨਾਂ 'ਫਾਈਕਸ ਪਿਊਮੀਲਾ' ਹੈ। ਇਸ ਨੂੰ ਅੰਗਰੇਜ਼ੀ ਭਾਸ਼ਾ ਵਿਚ 'ਕਰੀਪਿੰਗ ਫਿਗ' ਅਤੇ 'ਪਿਊਮੀਲਾ' ਆਖਦੇ ਹਨ। ਹਿੰਦੀ ਅਤੇ ਪੰਜਾਬੀ ਵਿਚ ਇਸ ਨੂੰ 'ਵੇਲਨੁਮਾ ਅੰਜੀਰ' ਜਾਂ 'ਇਸ਼ਕਪੇਚਾ ਅੰਜੀਰ' ਆਖਦੇ ਹਨ। ਇਸ ਦੇ ਵੇਲਨੁਮਾ ਅਜੀਬ ਜਿਹੇ ਤਣੇ ਉੱਪਰ ਅੰਜੀਰ ਵਰਗੇ ਰਸੀਲੇ ਫਲ਼ ਵੀ ਲਗਦੇ ਹਨ।

ਇਸ ਦੇ ਤਣੇ ਦੀਆਂ ਰੀਢਾਂ ਅਤੇ ਛੋਟੇ ਪੱਤਿਆਂ ਵਾਲੀਆਂ ਸ਼ਾਖ਼ਾਵਾਂ ਉੱਪਰ ਬਹੁਤ ਸਾਰੀਆਂ ਜੜ੍ਹਾਂ ਨਿਕਲਦੀਆਂ ਹਨ। ਪੱਤੇ ਦੋ ਤਰ੍ਹਾਂ ਦੇ ਹੁੰਦੇ ਹਨ - ਬਾਂਝ ਸ਼ਾਖਾਵਾਂ ਉੱਤੇ ਪੱਤੇ ਛੋਟੇ (ਇਕ ਜਾਂ ਸਵਾ ਸੈਂਟੀਮੀਟਰ) ਹੁੰਦੇ ਹਨ ਜਦਕਿ ਉਪਜਾਊ ਸ਼ਾਖ਼ਾਵਾਂ ਉੱਪਰ ਇਹ 6-8 ਸੈਂਟੀਮੀਟਰ ਲੰਬੇ ਤੇ 3-4 ਸੈਂਟੀਮੀਟਰ ਚੌੜੇ ਤੇ ਆਂਡੇ ਦੇ ਆਕਾਰ ਦੇ ਹੁੰਦੇ ਹਨ।

ਫਲ਼

ਇਸ ਉੱਪਰ ਅੰਜੀਰ ਵੱਡੇ ਪੱਤਿਆਂ ਵਾਲੀ ਸ਼ਾਖ਼ਾ ਉੱਪਰ ਸਮੂਹ ਜਾਂ ਗੁੱਛਿਆਂ ਦੇ ਰੂਪ 'ਚ ਲੱਗਦੇ ਹਨ। ਇਹ ਨਾਸ਼ਪਾਤੀ ਦੀ ਸ਼ਕਲ ਦੇ, 5 ਸੈਂਟੀਮੀਟਰ ਤਕ ਲੰਬੇ ਤੇ 3 ਸੈਂਟੀਮੀਟਰ ਚੌੜੇ ਹੁੰਦੇ ਹਨ। ਫਲ ਦੇ ਸਿਰੇ ਉੱਪਰ ਇਕ ਛੋਟਾ ਜਿਹਾ ਉਭਾਰ ਹੁੰਦਾ ਹੈ। ਛੋਟੇ ਤੇ ਅਣਪੱਕੇ ਅੰਜੀਰ ਹਰੇ ਰੰਗ ਦੇ ਹੁੰਦੇ ਹਨ ਪਰ ਪੱਕਣ ਤੇ ਇਹ ਖ਼ੂਬਸੂਰਤ ਜਾਮਣੀ ਰੰਗ ਦੇ ਹੋ ਜਾਂਦੇ ਹਨ। ਇਸ ਝਾੜੀ ਉੱਪਰ ਬਹੁਤ ਸਾਰੇ ਨਰ ਅਤੇ ਮਾਦਾ ਫੁੱਲ ਲਗਦੇ ਹਨ। ਨਰ ਫੁੱਲ ਟਾਹਣੀ ਦੀ ਨੋਕ 'ਤੇ ਇਕ ਲੰਬੀ ਡੰਡੀ ਉੱਪਰ ਲਗਦੇ ਹਨ, ਜਦਕਿ ਮਾਦਾ ਫੁੱਲ ਬਾਕੀ ਸਾਰੇ ਅੰਜੀਰ ਉੱਪਰ ਇਕ ਲੰਬੀ ਜਿਹੀ ਕਤਾਰ ਵਿਚ ਲਗਦੇ ਹਨ। ਨਰ ਫੁੱਲਾਂ ਦੀਆਂ 2-3 ਰੰਗਹੀਣ ਪੰਖੜੀਆਂ ਤੇ ਦੋ ਪਰਾਗ-ਕੋਸ਼ ਹੁੰਦੇ ਹਨ। ਬਾਂਝ ਮਾਦਾ ਫੁੱਲ ਦੀਆਂ 4-5 ਪੰਖੜੀਆਂ ਹੁੰਦੀਆਂ ਹਨ ਅਤੇ ਇਸ ਦੇ ਪਾਸੇ 'ਤੇ ਇਕ ਅੱਖ ਦੇ ਆਕਾਰ ਦਾ ਬਿੰਦੂ ਜਿਹਾ ਹੁੰਦਾ ਹੈ।

ਖੇਤੀ

ਇਹ ਪੌਦਾ ਬਹੁਤ ਤੇਜ਼ੀ ਨਾਲ ਵਧਦਾ ਹੈ ਅਤੇ ਕੁਝ ਵਰ੍ਹਿਆਂ ਵਿਚ ਹੀ ਵੱਡੀ ਇਮਾਰਤ ਦੀਆਂ ਕੰਧਾਂ ਨੂੰ ਗੂੜ੍ਹੇ ਹਰੇ ਪੱਤਿਆਂ ਦੀ ਸੰਘਣੀ ਪਰਤ ਨਾਲ ਢਕ ਲੈਂਦਾ ਹੈ। ਇਸ ਨੂੰ ਦਾਬਾਂ ਜਾਂ ਕਲਮਾਂ ਲਾ ਕੇ ਆਸਾਨੀ ਨਾਲ ਉਗਾਇਆ ਜਾ ਸਕਦਾ ਹੈ। ਬਿਹਤਰ ਇਹੀ ਹੈ ਕਿ ਕਲਮਾਂ ਨੂੰ ਪਹਿਲਾਂ ਗਮਲਿਆਂ ਵਿਚ ਉਗਾਇਆ ਜਾਵੇ ਅਤੇ ਕਲਮਾਂ ਦੇ ਟਿਕ ਜਾਣ ਤਕ ਗਮਲੇ ਨੂੰ ਛਾਂ ਵਿਚ ਰੱਖਿਆ ਜਾਵੇ। ਫਲ ਵਾਲੀਆਂ ਟਾਹਣੀਆਂ ਦੀ ਸਮੇਂ-ਸਮੇਂ ਸਿਰ ਕਟਾਈ ਕਰਦੇ ਰਹੋ, ਨਹੀਂ ਤਾਂ ਇਨ੍ਹਾਂ ਨੂੰ ਫਲ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਇਹ ਟਾਹਣੀਆਂ ਕਿਉਂਕਿ ਕੰਧਾਂ ਨਾਲ ਜੁੜੀਆਂ ਹੋਈਆਂ ਨਹੀਂ ਹੁੰਦੀਆਂ, ਇਸ ਲਈ ਹੇਠਾਂ ਵੱਲ ਨੂੰ ਲਮਕ ਕੇ ਸਜਾਵਟੀ ਦਿੱਖ ਨੂੰ ਖ਼ਰਾਬ ਕਰਦੀਆਂ ਹਨ। ਫਲ਼ ਆਪਣੇ ਭਾਰ ਨਾਲ ਦੂਸਰੀਆਂ ਟਾਹਣੀਆਂ ਨੂੰ ਵੀ ਕੰਧਾਂ ਨਾਲੋਂ ਉਖਾੜ ਦਿੰਦੇ ਹਨ। ਇਸ ਦੇ ਛੋਟੇ ਪੱਤਿਆਂ ਵਾਲੇ ਪੌਦੇ ਬਾਂਝ ਹੁੰਦੇ ਹਨ ਅਤੇ ਵੱਡੇ ਪੱਤਿਆਂ ਵਾਲੇ ਉਪਜਾਊ ਪੌਦਿਆਂ ਨਾਲੋਂ ਵਧੇਰੇ ਸਜਾਵਟੀ ਹੁੰਦੇ ਹਨ।

• ਫੀਚਰ ਡੈਸਕ

ਕਾਮਯਾਬੀ ਲਈ ਲਾਜ਼ਮੀ ਹੈ
ਲੇਖਾ-ਜੋਖਾ

ਕਿਸੇ ਵੀ ਧੰਦੇ ਦੀ ਕਾਮਯਾਬੀ ਲਈ ਉਸ ਦਾ ਲੇਖਾ-ਜੋਖਾ ਰੱਖਣਾ ਬੇਹੱਦ ਜ਼ਰੂਰੀ ਹੈ। ਖ਼ਰਚੇ ਅਤੇ ਮੁਨਾਫ਼ੇ ਦੇ ਲੇਖੇ ਤੋਂ ਬਿਨਾਂ ਕਿਸੇ ਵੀ ਧੰਦੇ ਦਾ ਸਹੀ ਮੁਲਾਂਕਣ ਨਹੀਂ ਕੀਤਾ ਜਾ ਸਕਦਾ। ਖੇਤੀ ਲਾਗਤ ਅਤੇ ਮੁਨਾਫ਼ੇ ਦੇ ਸਹੀ ਮੁਲਾਂਕਣ ਲਈ ਹਿਸਾਬ-ਕਿਤਾਬ ਜਾਂ ਖੇਤੀ ਰਿਕਾਰਡ ਰੱਖਣਾ ਅਜੋਕੇ ਸਮੇਂ ਦੀ ਮੁੱਖ ਮੰਗ ਹੈ। ਖੇਤੀ ਦੇ ਮੁਕੰਮਲ ਹਿਸਾਬ-ਕਿਤਾਬ ਤੋਂ ਬਿਨਾਂ ਖੇਤੀ ਕਿੱਤੇ ਦੀ ਹਾਲਤ ਉਸ ਬੇਲਗਾਮ ਘੋੜੇ ਵਰਗੀ ਹੈ ਜੋ ਚੱਲ ਤਾਂ ਰਹਾ ਹੈ ਪਰ ਉਸ ਨੂੰ ਕੋਈ ਦਿਸ਼ਾ ਨਹੀਂ ਦੱਤੀ ਜਾ ਸਕਦੀ।

ਕੀ ਹੈ ਖੇਤੀ ਰਿਕਾਰਡ?

ਆਰਥਿਕ ਸਮੱਸਿਆਵਾਂ ਨਾਲ ਜੂਝ ਰਹੀ ਅਤੇ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਆਈ ਅਜੋਕੀ ਖੇਤੀ ਵਿਚ ਹਿਸਾਬ-ਕਿਤਾਬ ਦੀ ਜ਼ਰੂਰਤ ਹੋਰ ਵੀ ਵਧ ਜਾਂਦੀ ਹੈ। ਖੇਤੀਬਾੜੀ ਵਿਚ ਹੋ ਰਹੇ ਖ਼ਰਚਿਆਂ, ਫ਼ੁੱਲ ਵੱਟਤਾਂ ਤੇ ਮੁਨਾਫ਼ਿਆਂ ਨੂੰ ਜਦੋਂ ਅਸੀਂ ਲਿਖਤੀ ਰੂਪ 'ਚ ਲੈ ਆਉਂਦੇ ਹਾਂ ਤਾਂ ਉਸ ਨੂੰ ਖੇਤੀ ਰਿਕਾਰਡ ਕਿਹਾ ਜਾਂਦਾ ਹੈ। ਖੇਤੀ ਰਿਕਾਰਡ ਵਿਚ ਖੇਤੀ ਉਤਪਾਦਨ ਦੇ ਸਾਰੇ ਸਾਧਨਾਂ ਦੀ ਮੁਕੰਮਲ ਸੂਚੀ ਅਤੇ ਲਾਗਤ, ਸਾਰੀਆਂ ਉਤਪਾਦਨ ਲਾਗਤਾਂ, ਉਤਪਾਦਨ ਦਾ ਪੱਧਰ, ਆਮਦਨ ਦਾ ਪੱਧਰ, ਮੰਡੀਕਰਨ ਤੇ ਸਹਾਇਕ ਧੰਦਿਆਂ ਸਬੰਧੀ ਸਾਰੀ ਜਾਣਕਾਰੀ ਸ਼ਾਮਲ ਕੀਤੀ ਜਾਂਦੀ ਹੈ।

ਖੇਤੀ ਰਿਕਾਰਡ ਦੀ ਲੋੜ

ਖੇਤੀ ਰਿਕਾਰਡ ਦਾ ਸਭ ਤੋਂ ਵੱਡਾ ਫ਼ਾਇਦਾ ਵਾਧੂ ਖੇਤੀ ਖ਼ਰਚਿਆਂ ਨੂੰ ਘਟਾਉਣਾ ਹੈ। ਜੇਕਰ ਸਾਡੇ ਕੋਲ ਖੇਤੀ ਖ਼ਰਚਿਆਂ ਦਾ ਮੁਕੰਮਲ ਰਿਕਾਰਡ ਹੋਵੇਗਾ ਤਾਂ ਅਸੀਂ ਦੇਖ ਸਕਾਂਗੇ ਕੇ ਪਿਛਲੇ ਸਾਲ ਕਿਹੜੇ-ਕਿਹੜੇ ਖ਼ਰਚੇ ਜ਼ਰੂਰਤ ਤੋਂ ਵਧੇਰੇ ਕੀਤੇ ਗਏ ਸਨ। ਖੇਤੀ ਦੇ ਰਿਕਾਰਡ ਤੋਂ ਸਾਨੂੰ ਪਤਾ ਲੱਗੇਗਾ ਕਿ ਅਸੀਂ ਖੇਤੀ ਮਾਹਰਾਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਖੇਤੀ ਵਸਤਾਂ ਪਾਈਆਂ ਹਨ ਜਾਂ ਨਹੀਂ। ਇਸ ਨਾਲ ਅਸੀਂ ਅਪਣਾਈਆਂ ਗਈਆਂ ਗ਼ੈਰ-ਪ੍ਰਮਾਣਤ ਤਕਨੀਕਾਂ ਦੇ ਕਾਰਨਾਂ ਨੂੰ ਜਾਂਚ ਸਕਦੇ ਹਾਂ ਤੇ ਵਾਧੂ ਲਾਗਤ ਨੂੰ ਘੱਟ ਕਰ ਸਕਦੇ ਹਾਂ।

ਅਰਥ-ਸ਼ਾਸਤਰ ਅਨੁਸਾਰ ਮਨੁੱਖੀ ਲੋੜਾਂ ਅਸੀਮਿਤ ਹਨ। ਇਨ੍ਹਾਂ ਦੀ ਪੂਰਤੀ ਲਈ ਸਾਧਨ ਹਮੇਸ਼ਾ ਘੱਟ ਹੁੰਦੇ ਹਨ। ਇਸ ਲਈ ਸੀਮਿਤ ਸਾਧਨਾਂ ਦੀ ਸੁਚੱਜੀ ਵਰਤੋਂ ਕਰ ਕੇ ਹੀ ਅਸੀਂ ਵਧੇਰੇ ਫ਼ਾਇਦਾ ਲੈ ਸਕਦੇ ਹਾਂ। ਸੀਮਿਤ ਸਾਧਨਾਂ ਦੀ ਸੁਚੱਜੀ ਵਰਤੋਂ ਖੇਤੀ ਰਿਕਾਰਡ ਰੱਖ ਕੇ ਹੀ ਕੀਤੀ ਜਾ ਸਕਦੀ ਹੈ। ਖੇਤੀ ਰਿਕਾਰਡ ਰਾਹੀਂ ਸਾਨੂੰ ਪਤਾ ਲਗਦਾ ਹੈ ਕਿ ਅਸੀਂ ਖੇਤੀ ਵਸਤਾਂ ਉਪਰ ਕਿੰਨਾ ਖ਼ਰਚਾ ਕਰਦੇ ਹਾਂ, ਸਾਡੀ ਆਪਣੀ ਕਿਰਤ ਸ਼ਕਤੀ ਦੀ ਵਰਤੋਂ ਕਿੰਨੀ

ਮੁਨਾਫ਼ੇ ਦਾ ਸਹੀ ਮੁਲਾਂਕਣ

ਖੇਤੀ ਰਿਕਾਰਡ ਰਾਹੀਂ ਅਸੀਂ ਵੱਖ-ਵੱਖ ਫ਼ਸਲਾਂ ਦਾ ਅਤੇ ਸਹਾਇਕ ਧੰਦਿਆਂ ਦਾ ਮੁਕਾਬਲਾ ਕਰ ਕੇ ਵੇਖ ਸਕਦੇ ਹਾਂ। ਇਸ ਨਾਲ ਸਾਨੂੰ ਪਤਾ ਲਗੇਗਾ ਕਿ ਕਿਹੜੀ ਫ਼ਸਲ ਸਾਨੂੰ ਵੱਧ ਮੁਨਾਫ਼ਾ ਦਿੰਦੀ ਹੈ ਅਤੇ ਕਿਸ ਸਹਾਇਕ ਧੰਦੇ ਤੋਂ ਅਸੀਂ ਮੁਕਾਬਲਤਨ ਵਧੇਰੇ ਆਮਦਨ ਕਮਾਉਂਦੇ ਹਾਂ। ਇਸ ਨਾਲ ਅਸੀਂ ਉਨ੍ਹਾਂ ਫ਼ਸਲੀ ਚੱਕਰਾਂ ਤੇ ਖੇਤੀ ਸਹਾਇਕ ਧੰਦਿਆਂ ਨੂੰ ਅਪਣਾ ਸਕਦੇ ਹਾਂ ਜਿਹੜੇ ਵੱਧ ਮੁਨਾਫ਼ਾ ਦਿੰਦੇ ਹੋਣ।

ਹੁੰਦੀ ਹੈ, ਮਸ਼ੀਨਰੀ ਦੀ ਵਰਤੋਂ ਕਿੰਨੀ ਹੋ ਰਹੀ ਹੈ, ਫ਼ਸਲ ਦਾ ਉਤਪਾਦਨ ਕਿੰਨਾ ਹੈ ਅਤੇ ਮੰਡੀ 'ਚ ਕਿਸ ਕੀਮਤ ਤੇ ਫ਼ਸਲ ਦੀ ਵਿਕਰੀ ਹੁੰਦੀ ਹੈ। ਪਿਛਲੀ ਫ਼ਸਲ ਦੌਰਾਨ ਆਈਆਂ ਸਮੱਸਿਆਵਾਂ ਦੇ ਹੱਲ ਲਈ ਖੇਤੀ ਰਿਕਾਰਡ ਮੁੱਖ ਆਧਾਰ ਬਣਦਾ ਹੈ।

ਖੇਤੀ ਸਾਧਨਾਂ ਦੀ ਸੁਚੱਜੀ ਵਰਤੋਂ

ਖੇਤੀ ਸਾਧਨਾਂ ਦੀ ਸੁਚੱਜੀ ਵਰਤੋਂ ਲਈ ਵੀ ਖੇਤੀ ਰਿਕਾਰਡ ਦਾ ਰੱਖਣਾ ਬਹੁਤ ਜ਼ਰੂਰੀ ਹੈ। ਪੰਜਾਬ ਵਿਚ ਖੇਤੀ 'ਚ ਲੋੜ ਨਾਲੋਂ ਵੱਧ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਰਹੀ ਹੈ। ਟ੍ਰੈਕਟਰਾਂ ਤੇ ਹੋਰ ਮਸ਼ੀਨਰੀ ਦੀ ਪੂਰਨ ਸਮਰਥਾ ਵਿਚ ਵਰਤੋਂ ਨਹੀਂ ਹੋ ਰਹੀ। ਇਸੇ ਤਰ੍ਹਾਂ ਕਿਰਤ ਸ਼ਕਤੀ ਦੀ ਵੀ ਪੂਰਨ ਵਰਤੋਂ ਨਹੀਂ ਕੀਤੀ ਜਾਂਦੀ। ਜੇ ਸਾਡੇ ਕੋਲ ਖੇਤੀ ਰਿਕਾਰਡ ਹੋਵੇਗਾ ਤਾਂ ਅਸੀਂ ਮਸ਼ੀਨਰੀ ਅਤੇ ਕਿਰਤ ਸ਼ਕਤੀ ਦੀ ਕੁਸ਼ਲਤਾ 'ਚ ਵਾਧਾ ਕਰਨ ਦੀ ਕੋਸ਼ਿਸ਼ ਕਰ ਸਕਦੇ ਹਾਂ। ਖੇਤੀ ਰਿਕਾਰਡ ਰਾਹੀਂ ਅਸੀਂ ਪ੍ਰਬੰਧਕੀ ਕਾਰਜਾਂ ਤੇ ਹੁਨਰਾਂ ਵਿਚ ਸੁਧਾਰ ਲਿਆ ਸਕਦੇ ਹਾਂ। ਇਸ ਨਾਲ ਅਸੀਂ ਵੇਖ ਸਕਦੇ ਹਾਂ ਕਿ ਕਿਹੜੇ-ਕਿਹੜੇ ਕੰਮ ਹੱਥੀਂ ਕਰਨੇ ਸਸਤੇ ਪੈਂਦੇ ਹਨ। ਜਿਵੇਂ ਕਿ ਫ਼ਸਲ ਵਿਚੋਂ ਮਨੁੱਖੀ ਕਿਰਤ ਨਾਲ ਨਦੀਨਾਂ ਦਾ ਖ਼ਾਤਮਾ ਨਦੀਨਨਾਸ਼ਕਾਂ ਦੇ ਮੁਕਾਬਲੇ ਮਹਿੰਗਾ ਪੈਂਦਾ ਹੈ। ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਆਪਣਾ ਖ਼ਰਚਾ ਘਟਾਉਣ ਲਈ ਜ਼ਿਆਦਾਤਰ ਕੰਮ ਸਾਨੂੰ ਘਰੇਲੂ ਕਿਰਤ ਸ਼ਕਤੀ ਨਾਲ ਹੀ ਕਰਨੇ ਚਾਹੀਦੇ ਹਨ।

ਨੀਤੀਆਂ ਤਿਆਰ ਕਰਨ 'ਚ ਆਸਾਨੀ

ਪੰਜਾਬ ਸਰਕਾਰ ਨੇ ਕਿਸਾਨਾਂ ਦੀ ਸਹੂਲਤ ਲਈ ਕਰਜ਼ੇ ਦੀਆਂ ਕਈ ਸਕੀਮਾਂ ਸ਼ੁਰੂ ਕੀਤੀਆਂ ਹਨ। ਇਨ੍ਹਾਂ ਸਹੂਲਤਾਂ ਨੂੰ ਵਧੀਆ ਢੰਗ ਨਾਲ ਵਰਤਣ ਲਈ ਜ਼ਰੂਰੀ ਹੈ ਕਿ ਕਿਸਾਨਾਂ ਕੋਲ ਖੇਤੀ ਸਬੰਧੀ ਪੂਰਾ ਖੇਤੀ ਰਿਕਾਰਡ ਹੋਵੇ। ਖੇਤੀ ਰਿਕਾਰਡ ਅਰਥ-ਸ਼ਾਸ਼ਤਰੀਆਂ, ਨੀਤੀ ਘਾੜਿਆਂ ਤੇ ਸਰਕਾਰ ਲਈ ਬਹੁਤ ਸਹਾਇਕ ਸਿੱਧ ਹੁੰਦਾ ਹੈ। ਜੇ ਅਸੀਂ ਪੂਰਨ ਖੇਤੀ ਰਿਕਾਰਡ ਰੱਖਾਂਗੇ ਤਾਂ ਅਰਥ-ਵਿਗਿਆਨੀਆਂ ਤੇ ਖੋਜੀਆਂ ਲਈ ਸਮੇਂ-ਸਮੇਂ ਤੇ ਕੀਤੇ ਜਾਣ ਵਾਲੇ ਸਰਵੇਖਣ 'ਤੇ ਲੱਗਣ ਵਾਲੇ ਸਮੇਂ ਤੇ ਸਾਧਨਾਂ ਦੀ ਬੱਚਤ ਹੋਵੇਗੀ ਅਤੇ ਸਹੀ ਅੰਕੜੇ ਵੀ ਪ੍ਰਾਪਤ ਹੋਣਗੇ। ਇਸੇ ਤਰ੍ਹਾਂ ਸਰਕਾਰ ਆਰਥਿਕ ਨੀਤੀਆਂ ਬਣਾਉਣ ਸਮੇਂ ਇਨ੍ਹਾਂ ਅੰਕੜਿਆਂ ਦੀ ਵਰਤੋਂ ਕਰ ਸਕੇਗੀ, ਜਿਸ ਨਾਲ ਫ਼ਸਲਾਂ ਦੀਆਂ ਕੀਮਤਾਂ ਨੂੰ ਨਿਸ਼ਚਿਤ ਕਰਨਾ, ਭੂਮੀ ਸੁਧਾਰ ਕਰਨਾ, ਟੈਕਸ ਲਗਾਉਣਾ, ਬੀਮਾ ਕਰਨਾ ਤੇ ਕਰਜ਼ੇ ਦੀਆਂ ਸਹੂਲਤਾਂ ਮੁਹੱਈਆ ਕਰਨ 'ਚ ਸੌਖ ਰਹੇਗੀ।

ਕੁਦਰਤੀ ਸਾਧਨਾਂ ਦੀ ਸੰਭਾਲ

ਖੇਤੀ ਰਿਕਾਰਡ ਰੱਖਣ ਨਾਲ ਕੁਦਰਤੀ ਸਾਧਨਾਂ ਦੀ ਸੰਭਾਲ ਵੀ ਬਿਹਤਰ ਹੋ ਸਕਦੀ ਹੈ, ਜਿਵੇਂ ਮਿੱਟੀ ਪਰਖ ਦਾ ਰਿਕਾਰਡ ਰੱਖਣ ਨਾਲ ਅਸੀਂ ਜ਼ਮੀਨ ਦੀ ਸਿਹਤ ਨੂੰ ਵਧੀਆ ਤਰੀਕੇ ਨਾਲ ਸੰਭਾਲ ਸਕਦੇ ਹਾਂ। ਜ਼ਮੀਨ ਦੀ ਸਿਹਤ ਦੇ ਹਿਸਾਬ ਨਾਲ ਖੇਤ ਵਿਚ ਢੁੱਕਵੀਆਂ ਫ਼ਸਲਾਂ ਤੇ ਢੁੱਕਵੀਆਂ ਕਿਸਮਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਨਾਲ ਕੁਦਰਤੀ ਸਾਧਨਾਂ ਦੀ ਸੁਚੱਜੀ ਵਰਤੋਂ ਯਕੀਨੀ ਬਣਾਈ ਜਾ ਸਕਦੀ ਹੈ।

ਖੇਤੀ ਰਿਕਾਰਡ ਰੱਖਣ 'ਚ ਆ ਰਹੀਆਂ ਸਮੱਸਿਆਵਾਂ

ਪੇਂਡੂ ਖੇਤਰ ਵਿਚ ਕੀਤੇ ਗਏ ਵੱਖ-ਵੱਖ ਸਰਵੇਖਣਾਂ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਵੱਡੀ ਗਿਣਤੀ ਵਿਚ ਕਿਸਾਨ ਅਜੇ ਵੀ ਖੇਤੀ ਸਬੰਧੀ ਕੋਈ ਹਿਸਾਬ-ਕਿਤਾਬ ਨਹੀਂ ਰੱਖਦੇ। ਉਨ੍ਹਾਂ ਦਾ ਰਿਕਾਰਡ ਸਿਰਫ਼ ਆਜ਼ੂਤੀਏ ਹੀ ਰੱਖਦੇ ਹਨ। ਕੁਝ ਕਿਸਾਨ ਸਿਰਫ਼ ਖਾਦਾਂ ਤੇ ਕੀੜੇਮਾਰ ਦਵਾਈਆਂ ਦਾ ਹਿਸਾਬ ਹੀ ਰੱਖਦੇ ਹਨ। ਅਸਲ ਵਿਚ ਭਾਰਤੀ ਖੇਤੀ ਜੋਤਾਂ ਦਾ ਆਕਾਰ ਬਹੁਤ ਛੋਟਾ ਹੋਣ ਕਰਕੇ ਮੁੱਖ ਤੌਰ 'ਤੇ ਇਥੇ ਛੋਟੀ ਤੇ ਸੀਮਿਤ ਕਿਰਸਾਨੀ ਹੈ, ਜੋ ਸਿਰਫ਼ ਜੀਵਨ ਨਿਰਬਾਹ ਲਈ ਖੇਤੀ ਕਰਦੀ ਹੈ। ਪੰਜਾਬ ਦੀਆਂ 65 ਫ਼ੀਸਦੀ ਜੋਤਾਂ 10 ਏਕੜ ਤੋਂ ਛੋਟੀਆਂ ਹਨ। ਛੋਟੇ ਕਿਸਾਨ ਹਿਸਾਬ-ਕਿਤਾਬ ਰੱਖਣ 'ਚ ਕੋਈ ਦਿਲਚਸਪੀ ਨਹੀਂ ਲੈ ਰਹੇ। ਛੋਟੇ ਕਿਸਾਨ ਖੇਤੀ ਦੇ ਨਾਲ ਕਈ ਤਰ੍ਹਾਂ ਦੇ ਸਹਾਇਕ ਧੰਦੇ ਵੀ ਕਰਦੇ ਹਨ। ਸਾਰੀਆਂ ਫ਼ਸਲਾਂ ਤੇ ਸਹਾਇਕ ਧੰਦਿਆਂ ਦਾ ਵੱਖਰਾ-ਵੱਖਰਾ ਹਿਸਾਬ ਰੱਖਣਾ ਉਨ੍ਹਾਂ ਲਈ ਬਹੁਤ ਮੁਸ਼ਕਿਲ ਕੰਮ ਹੈ।

ਕਿਸਾਨ ਸਿਰਫ਼ ਉਨ੍ਹਾਂ ਸਾਧਨਾਂ ਜਾਂ ਕੰਮਾਂ ਦਾ ਹੀ ਹਿਸਾਬ ਰੱਖਦੇ ਹਨ ਜਿਹੜੇ ਉਹ ਕਿਰਾਏ, ਵਿ

ਨਟਾਸ ਵੱਲੋਂ ਪੇਸ਼ੋ ਵਿਕਸਿਤ ਭਾਰਤੋ ਨੁਕੜ ਨਾਟਕ ਨੂੰ ਮਿਲਿਆ ਭਰਵਾਂ ਹੁੰਗਾਰਾ

ਪਟਿਆਲਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਵੱਲੋਂ ਸ਼੍ਰੀਮਤੀ ਸੁਨੀਤਾ ਸੱਭਰਵਾਲ ਦੀ ਬਤੌਰ ਮੁਖ ਮਹਿਮਾਨ ਦੀ ਸ਼ਮੂਲੀਅਤ ਨਾਲ ਪਦਮ ਸ੍ਰੀ ਡਾ: ਖੁਸ਼ਦੇਵ ਸਿੰਘ ਕੁਸ਼ਟ ਨਿਵਾਰਨ ਕਾਲੋਨੀ ਵਿਖੇ ਆਯੋਜਿਤ "ਵਿਕਸਿਤ ਭਾਰਤੋਂ ਨੁਕੜ ਨਾਟਕ ਅਤੇ ਗੀਤ ਸੰਗੀਤ ਨੂੰ ਭਰਵਾ ਹੁੰਗਾਰਾ ਮਿਲਿਆ। ਇਹ ਪ੍ਰੋਗਰਾਮ, ਭਾਰਤ ਸਰਕਾਰ ਦੇ ਸਾਂਸਕ੍ਰਿਤਿਕ ਮੰਤਰਾਲਿਆ ਦੀ ਨਿਗਰਾਨੀ ਹੇਠ, ਨੈਸ਼ਨਲ ਸਕੂਲ ਆਫ ਡਰਾਮਾ ਦਿੱਲੀ ਵੱਲੋਂ ਮਨਾਏ ਜਾ ਰਹੇ ਭਾਰਤ ਰੰਗ ਮਹੋਤਸਵ ਦੀ 25ਵੀਂ ਵਰ੍ਹੇਗੰਡ ਜਸ਼ਨਾਂ ਤਹਿਤ, ਸਮੂਚੇ ਭਾਰਤ ਦੇ ਰੰਗਕਰਮੀਆਂ ਦੇ ਆਯੋਜਨ ਦੇ ਨਾਲ ਮੇਲ ਖਾਂਦਾ 21 ਫਰਵਰੀ ਸ਼ਾਮ 4 ਵਜੇ ਆਯੋਜਿਤ ਕੀਤਾ ਗਿਆ। ਜਿਸ ਲਈ ਦਰਸ਼ਕਾਂ, ਮੀਡੀਆਂ ਅਤੇ ਅਧਿਕਾਰੀਆਂ ਦਾ ਨਿਰਦੇਸ਼ਕ ਪਦਮ ਸ਼੍ਰੀ ਪ੍ਰਾਣ ਸੱਭਰਵਾਲ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਦਿਲ ਖਿਚਵੇਂ ਲਘੂ ਨੁਕੜ ਨਾਟਕ ਵਿੱਚ ਸ਼੍ਰੀ ਪ੍ਰਾਣ ਸੱਭਰਵਾਲ ਅਤੇ ਨਟਾਸ ਦੇ ਹੋਣਹਾਰ ਕਲਾਕਾਰਾਂ ਗਿਲ ਦੀਪ, ਦਮਪੰਤੀ ਰਾਜਿੰਦਰ ਵਾਲੀਆ-ਰੁਪਿੰਦਰਜੀਤ ਸਿੰਘ ਵਾਲੀਆ, ਪਰਮਜੀਤ ਕੌਰ, ਮਨੀਸ਼ਾ, ਹਰਸਿਮਰਨਜੀਤ ਕੌਰ ਆਦਿ ਵਲੋਂ ਪੇਸ਼ 4 ਝਲਕੀਆਂ ਵਿਚ ਦਰਸਾਇਆ ਗਿਆ ਹੈ ਕਿ ਕਿਸ ਤਰ੍ਹਾਂ ਭਾਰਤ ਵਿੱਚ ਪ੍ਰਭਾਵਪੂਰਨ ਵਿਕਾਸ ਹੋਇਆ ਹੈ। ਪਹਿਲੀ ਝਲਕੀ ਵਿਚ ਸਾਫ ਸਫਾਈੱ, ਦੂਸਰੀ ਵਿੱਚੋ ਪਾਣੀ ਹੈ ਤਾਂ ਪ੍ਰਾਣੀ ਹੈੱ, ਤੀਸਰੀ ਝਲਕੀ ਵਿੱਚੋ ਦਰਖਤ ਬਚਾਓ-ਗੈਸ ਜਲਾਓ ਅਤੇ ਚੋਥੀ ਵਿੱਚੋ ਹਰ ਘਰ ਟਾਇਲਟੋ ਦੁਆਰਾ ਵਿਕਾਸ ਤੇ ਜੋਰ ਦਿੱਤਾ ਗਿਆ ਹੈ। ਗੀਤ ਸੰਗੀਤ ਸ਼ੈਸਨ ਵਿਚ ਮੁੱਖ ਮਹਿਮਾਨ ਸ਼੍ਰੀਮਤੀ ਸੁਨੀਤਾ ਸੱਭਰਵਾਲ ਨੋਂ ਮੇਰੇ ਰਾਮਾ ਤੁਮ ਭਗਵਾਨ ਮੈਂ ਤੁਝ ਸੇ ਕਿਆ ਮਾਂਗੋ ਤੋਂ ਬਿਨਾ ਗਾਇਕ ਕੰਪੋਜਰ- ਅਦਾਕਾਰ ਗਿੱਲ-ਦੀਪ, ਪਰਮਜੀਤ ਕੌਰ ਅਤੇ ਮਨੀਸ਼ਾ ਨੇ ਭਜਨ ਅਤੇ ਲੋਕ ਗੀਤ ਪੇਸ਼ ਕਰਕੇ ਵਾਹ ਵਾਹ ਖੱਟੀ। ਸੁਨੀਤਾ ਸੱਭਰਵਾਲ ਦੀ ਬਹੁਚਰਚਿਤ ਕਾਵਿਆ ਪੁਸਤਕ "ਕੁਝ ਹੋਰ ਸੁਣਾ ਸੁਨੀਤੋਂ ਡਾ: ਦਲਜੀਤ ਕਿਸ਼ੋਰ ਨੂੰ ਆਦਰ ਸਹਿਤ ਭੇਂਟ ਕੀਤੀ ਗਈ। ਇਸ ਅਵਸਰਤ ਤੇ ਸੁਨੀਤਾ - ਪ੍ਰਾਣ ਸੱਭਰਵਾਲ ਨੇ ਕੁਸ਼ਟ ਆਸ਼ਰਮ ਨੂੰ 2100/- ਰੁਪਏ ਕੈਸ਼ ਅਤੇ ਸ਼੍ਰੀ ਰਾਜ ਨਰੇਸ਼ ਐਮ.ਡੀ. ਸ:ਭਗਤ ਸਿੰਘ ਮੋਟਰ ਕੰਪਨੀ ਵੱਲੋਂ 2100/- ਰੁਪਏ ਦਾ ਚੈੱਕ ਅਤੇ ਮਠਿਆਈਆਂ ਭੇਂਟ ਕਰਕੇ ਆਸ਼ੀਰਵਾਦ ਪ੍ਰਾਪਤ ਕੀਤਾ। ਆਸ਼ਰਮ ਬੁਲਾਰੇ ਨੇ ਅਰਦਾਸ ਵਿੱਚ ਸੱਭਰਵਾਲ ਦੰਮਪਤੀ, ਬੇਟੇ ਆਰਕੀਟੈਕਟ ਸਮਪੱਨ ਸੱਭਰਵਾਲ, ਏ.ਆਈ.ਜੀ. ਪੁਲਿਸ ਸ਼੍ਰੀ ਵਿਕਾਸ ਸੱਭਰਵਾਲ ਪਰਿਵਾਰਾਂ, ਹਾਜਰ ਕਲਾਕਾਰਾਂ ਦੀ ਸੁੱਖ-ਸ਼ਾਂਤੀ, ਸਮਰਿਧੀ ਲਈ ਦੁਆ ਕੀਤੀ। ਉਨ੍ਹਾਂ ਨੇ ਸ਼੍ਰੀ ਪ੍ਰਾਣ ਸੱਭਰਵਾਲ ਨੂੰ ਮਿਲੇ ਪਦਮ ਸ਼੍ਰੀ ਅਵਾਰਡ ਲਈ ਵਧਾਈ ਦਿੱਤੀ। ਲਾਈਵ ਰਿਕਾਰਡਿੰਗ ਲਈ ਕੈਮਰਾ ਡਾਇਰੈਕਟਰ ਸ:ਸੈਂਬੀ ਸਚਦੇਵਾ ਨੂੰ ਸਨਮਾਨਿਤ ਕੀਤਾ ਗਿਆ।

ਨਟਾਸ ਵਲੋਂ ਕੁਸ਼ਟ ਨਿਵਾਰਨ ਕਾਲੋਨੀ ਵਿਖੇ ਮੰਚਿਤ ਵਿਕਸਿਤ ਭਾਰਤੋਂ ਨੁੱਕੜ ਨਾਟਕ ਵਿਚ ਮੁਖ ਮਹਿਮਾਨ ਸ਼੍ਰੀਮਤੀ ਸੁਨੀਤਾ ਸਭਰਵਾਲ ਡਾਇਰੈਕਟਰ ਪਦਮ ਸ਼੍ਰੀ ਪ੍ਰਾਣ ਸੱਭਰਵਾਲ, ਕਲਾਕਾਰ ਅਤੇ ਦ੍ਰਿਸ਼।

ਫੌਜ ਵਿੱਚ ਅਗਨੀਵੀਰ ਦੀ ਭਰਤੀ ਲਈ ਲਿਖਤੀ ਤੇ ਮੁਫ਼ਤ ਸਰੀਰਕ ਸਿਖਲਾਈ ਲਈ 21 ਮਾਰਚ ਤੱਕ ਕੀਤਾ ਜਾ ਸਕਦਾ ਆਨਲਾਈਨ ਅਪਲਾਈ - ਕੈਪਟਨ ਅਜੀਤ ਸਿੰਘ

ਜਲੰਧਰ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵਲੋਂ ਫੌਜ ਵਿੱਚ ਬਤੌਰ ਅਗਨੀਵੀਰ ਵਜੋਂ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਨੂੰ ਲਿਖਤੀ ਅਤੇ ਸਰੀਰਕ ਪ੍ਰੀਖਿਆ ਦੀ ਤਿਆਰੀ ਲਈ ਸੀ-ਪਾਈਟ ਕੈਂਪ ਕਪੂਰਥਲਾ ਵਿਖੇ ਸਿਖਲਾਈ ਦਿੱਤੀ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਆਨਰੇਰੀ ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਤਰਨਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਚਾਹਵਾਨ ਨੌਜਵਾਨ ਆਨਲਾਈਨ ਰਜਿਸਟਰੇਸ਼ਨ 21 ਮਾਰਚ 2024 ਤੋਂ ਤੱਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚਾਹਵਾਨ ਨੌਜਵਾਨ ਆਰਮੀ ਅਗਨੀਵੀਰ ਦੀ ਭਰਤੀ ਲਈ ਲਿਖਤੀ ਪੇਪਰ ਦੀਆਂ ਕਲਾਸਾਂ ਲਗਾ ਸਕਦੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਚਾਹਵਾਨ ਨੌਜਵਾਨ ਲਿਖਤੀ ਟੈਸਟ ਦੀ ਸਿਖਲਾਈ ਲਈ ਜਰੂਰੀ ਦਸਤਾਵੇਜ ਦੀਆਂ ਫੋਟੋ ਸਟੇਟ ਕਾਪੀਆਂ ਜਿਵੇਂ ਆਧਾਰ ਕਾਰਡ , ਦਸਵੀਂ ਜਾਂ ਬਾਰਵੀਂ ਕਲਾਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਦੋ ਪਾਸਪੋਰਟ ਸਾਈਜ਼ ਫੋਟੋਗ੍ਰਾਫ ਅਤੇ ਆਨਲਾਈਨ ਰਜਿਸਟਰੇਸ਼ਨ ਦੀ ਫੋਟੋ ਕਾਪੀ ਲੈ ਕੇ ਕੈਂਪ ਵਿਖੇ ਰਿਪੋਰਟ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਿਖਲਾਈ ਦੌਰਾਨ ਨੌਜਵਾਨਾਂ ਨੂੰ ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।

ਉਨ੍ਹਾਂ ਦਸਿਆ ਕਿ ਵਧੇਰੇ ਜਾਣਕਾਰੀ ਲਈ ਨੌਜਵਾਨ ਮੋਬਾਇਲ ਨੰਬਰ 83601-63527 ਅਤੇ ਮੋਬਾਇਲ ਨੰਬਰ 69002-00733 ਤੇ ਮੋਬਾਇਲ ਨੰਬਰ 99143-69376 'ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਸੀ-ਪਾਈਟ ਕੈਂਪ ਬੇਹ ਕਾਂਜਲਾ, ਨੇੜੇ ਮਾਡਰਨ ਜੇਲ੍ਹ ਕਪੂਰਥਲਾ ਵਿਖੇ ਆ ਕੇ ਸਿਖਲਾਈ ਦਾ ਲਾਭ ਲੈ ਸਕਦੇ ਹਨ।

ਡੇਰਾ ਸ੍ਰੀ ਗੁਰੂ ਰਵਿਦਾਸ ਨਾਭਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਗੁਰਪੁਰਬ ਦੇ ਸਬੰਧ ਵਿੱਚ ਆਖੰਡਪਾਠ ਸਾਹਿਬ ਆਰੰਭ ਕੀਤੇ ਅਤੇ ਸਜਾਇਆ ਨਗਰ ਕੀਰਤਨ

ਨਾਭਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਜਨਮ ਦਿਹਾੜੇ ਨੂੰ ਸਮਰਪਿਤ ਨਾਭਾ ਸ਼ਹਿਰ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਬਾਬਾ ਰਣਜੀਤ ਸਿੰਘ ਜੀ ਤਪਾ ਦਰਜਾ ਮੋਹਾਲੀ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਨਗਰ ਕੀਰਤਨ ਨੂੰ ਬੌੜਾ ਗੇਟ ਅਨਾਜ਼ ਮੰਡੀ ਦੇ ਸਾਮਣੇ ਡੇਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਤੋਂ ਚੱਲ ਕੇ ਵੱਖ- ਵੱਖ ਬਜਾਰਾ ਵਿਚੋ ਹੁੰਦਾ ਹੋਇਆ ਪਟਿਆਲਾ ਗੇਟ, ਹੀਰਾ ਮਹਿਲ੍ਹ, ਹਰੀਦਾਸ ਕਾਲੋਨੀ, ਗ੍ਰਿਡ ਚੌਂਕ, ਅਲਹੌਰਾਂ ਗੇਟ, ਕਰਤਾਰਪੁਰ ਮਹੱਲਾ ਫਿਰ ਬੋੜ੍ਹਾ ਗੇਟ ਡੇਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਤੇ ਪਹੁੰਚ ਕੇ ਫ਼ਤਹਿ ਕੀਤਾ ਗਿਆ ◆ ਇਹ ਵਿਸ਼ਾਲ ਨਗਰ ਕੀਰਤਨ ਨਾਭਾ ਸ਼ਹਿਰ ਦਾ ਸੱਭ ਤੋਂ ਵੱਡਾ ਨਗਰ ਕੀਰਤਨ ਹੁੰਦਾ ਹੈ ◆ ਜੋ ਕਿ ਸਾਰੇ ਨਾਭੇ ਸ਼ਹਿਰ ਵਿਚੋਂ ਦੀ ਹੁੰਦਾ ਹੋਇਆ ਸੰਗਤਾਂ ਨੂੰ ਨਿਹਾਲ ਕੀਤਾ ਗਿਆ ◆ ਇਸ ਸਮੇਂ ਸੰਗਤਾਂ ਲਈ ਸੇਵਾਦਾਰ ਨੇ ਵੱਧ ਤੋਂ ਵੱਧ ਲੰਗਰ ਲਗਾਏ ਗਏ ◆ ਇਸ ਸਮੇਂ ਬਾਬਾ ਹਰਜਿੰਦਰ ਸਿੰਘ ਜੀ ਖ਼ਾਲਸਾਕਥਾ ਵਾਚਕ, ਬਲਕਾਰ ਸਿੰਘ ਰੈਸਲ, ਜਸਪਾਲ ਸਿੰਘ, ਮਾਸਟਰ ਗੁਰਮੁਖ ਸਿੰਘ, ਮਾਸਟਰ ਅਮਰ ਸਿੰਘ, ਮਾਸਟਰ ਜਸਵੀਰ ਸਿੰਘ, ਫੋਜ਼ੀ ਜਸਵੀਰ ਸਿੰਘ ਗੁਰਜੰਟ ਸਿੰਘ, ਹਾਜਰ ਸਨ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ647 ਵੇਂ ਜਨਮ ਦਿਨ ਤੇ ਹਰਿਦਾਸ ਕਲੋਨੀ ਦੀ ਸੰਗਤਾਂ ਵੱਲੋਂ ਨਗਰ ਕੀਰਤਨ ਆਉਣ ਤੇ ਲਗਾਇਆ ਗਿਆ ਲੰਗਰ

ਨਾਭਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ647 ਵੇਂ ਜਨਮ ਦਿਨ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਵੱਲੋਂ ਸਥਾਨਿਕ ਡੇਰਾ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜੋ ਨਾਭਾ ਸ਼ਹਿਰ ਦੇ ਵੱਖ ਵੱਖ ਬਜਾਰਾਂ ਅਤੇ ਮੁਹੱਲਿਆਂ ਵਿੱਚ ਹੁੰਦਾ ਹੋਇਆ ਹਰੀ ਦਾਸ ਕਲੋਨੀ ਵਿਖੇ ਪਹੁੰਚਿਆ ਜਿਥੇ ਸਮੂਹ ਰਵਿਦਾਸੀਆ ਭਾਈਚਾਰੇ ਅਤੇ ਕਲੋਨੀ ਨਿਵਾਸੀਆਂ ਵੱਲੋਂ ਨਗਰ ਕੀਰਤਨ ਨਾਲ ਆਈ ਸੰਗਤ ਦਾ ਸਵਾਗਤ ਕੀਤਾ ਗਿਆ ਅਤੇ ਸੰਗਤ ਲਈ ਲੰਗਰ ਲਾਇਆ ਗਿਆ ਇਸ ਮੌਕੇ ਗੱਲ ਕਰਦਿਆਂ ਕੁਲਵੰਤ ਸਿੰਘ ਸਰੋਏ ਜਨਰਲ ਸਕੱਤਰ ਡਾ ਅੰਬੇਡਕਰ ਕਿਰਤੀ ਮਜ਼ਦੂਰ ਸੰਘ ਪੰਜਾਬ ਨੇ ਕਿਹਾ ਕਿ ਅਸੀਂ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਸਮੂਹ ਭਾਈਚਾਰੇ ਅਤੇ ਮੁਹੱਲਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਨਗਰ ਕੀਰਤਨ ਨਾਲ ਆਈ ਸੰਗਤ ਲਈ ਲੰਗਰ ਲਾਉਂਦੇ ਹਾਂ ਸਾਡਾ ਮਕਸਦ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਘਰ ਘਰ ਪਹੁੰਚਾਉਣਾ ਹੈ ਅਤੇ ਉਨ੍ਹਾਂ ਦਾ ਸੁਪਨਾ ਕਿ ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ। ਛੋਟ ਬੜੈ ਸਭ ਸਮ ਵਸੈ ਰਵਿਦਾਸ ਰਹੇ ਪ੍ਰਸੰਨ।

ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਮਾਰਗ ਉੱਪਰ ਚੱਲ ਸਕੀਏ ਇਸ ਮੌਕੇ ਜਗਤਾਰ ਸਿੰਘ ਹਿਆਣਾ ਮਨਮੋਹਣ ਸਿੰਘ ਨਾਭਾ ਬੰਤ ਸਿੰਘ ਭੋੜ? ਜਗਤਾਰ ਸਿੰਘ ਠੇਕੇਦਾਰ ਸੋਹਣਜੀਤ ਸਿੰਘ ਫੌਜੀ ਰਜਿੰਦਰ ਸਿੰਘ Asi ਜਸਪਾਲ ਸਿੰਘ ਭੋਲਾ ਜਗਮੇਲ ਸਿੰਘ ਗੇਜਾ ਸਿੰਘ ਬੁੱਧ ਸਿੰਘ ਭਗਵੰਤ ਸਿੰਘ ਬਾਬਾ ਕਸ਼ਮੀਰ ਸਿੰਘ ਸ਼ਗਨ ਹਰਪ੍ਰੀਤ ਕੌਰ ਬਿੰਦਰ ਹਰਜਿੰਦਰ ਕੌਰ ਪਰਵੀਰ ਕੌਰ ਜਸਪਾਲ ਕੌਰ ਬਲਵੀਰ ਕੌਰ ਹਾਜ਼ਰ ਸਨ।

ਮੂਰਤੀਆਂ ਦੀ ਸਥਾਪਨਾ ਦਾ ਉਦਘਾਟਨ ਕੀਤਾ -ਰਾਸ਼ਟਰੀ ਸੰਤ ਬਾਬਾ ਬਾਲ ਜੀ ਕੋਟਲਾ ਕਲਾਂ

ਪਟਿਆਲਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਰਾਧਾਕ੍ਰਿਸ਼ਨ ਮੰਦਿਰ ਠਾਕੁਰ ਦੁਆਰਾ ਰਾਮਾਡ੍ਰਾਮਾਟਿਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਵਿਖੇ ਦੋ ਨਵੇਂ ਬਣਾਏ ਗਏ ਮੰਦਿਰਾਂ ਵਿੱਚ ਸ਼੍ਰੀ ਖਾਟੂ ਸ਼ਿਆਮ ਬਾਬਾ ਜੀ ਅਤੇ ਸ੍ਰੀ ਸਾਲਾਸਰ ਬਾਲਾ ਜੀ ਮਹਾਰਾਜ ਜੀ ਦੀਆਂ ਮੂਰਤੀਆਂ ਦੀ ਸਥਾਪਨਾ ਦਾ ਉਦਘਾਟਨ ਰਾਸ਼ਟਰੀ ਸੰਤ ਬਾਬਾ ਬਾਲ ਜੀ ਕੋਟਲਾ ਕਲਾਂ ਊਨਾਂ ਵਾਲਿਆਂ ਨੇ ਕੀਤਾ। ਸਵਾਮੀ ਕਿਰਪਾਲਾਨੰਦ ਜੀ ਮਹਾਰਾਜ ਦੜੋਲੀ ਵਾਲਿਆਂ ਨੇ ਸ੍ਰੀ ਖਾਟੂ ਸ਼ਿਆਮ ਬਾਬਾ ਜੀ ਅਤੇ ਸ੍ਰੀ ਸਾਲਾਸਰ ਬਾਲਾ ਜੀ ਮਹਾਰਾਜ ਜੀ ਦੀਆਂ ਮੂਰਤੀਆਂ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ। ਰਾਸ਼ਟਰੀ ਸੰਤ ਬਾਬਾ ਬਾਲ ਜੀ ਮਹਾਰਾਜ ਕੋਟਲਾ ਕਲਾਂ ਊਨਾਂ ਵਾਲਿਆਂ ਨੂੰ ਕਮੇਟੀ ਦੇ ਪ੍ਰਧਾਨ ਸ਼੍ਰੀ ਲੱਕੀ ਕਪਿਲਾ ਜੀ ਅਤੇ ਸਮੂਹ ਕਮੇਟੀ ਮੈਂਬਰਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਹ ਵੀ ਦੱਸਣਯੋਗ ਹੈ ਕਿ ਸ੍ਰੀ ਖਾਟੂ ਸ਼ਿਆਮ ਬਾਬਾ ਜੀ ਦਾ ਸ਼ਿੰਗਾਰ ਖਾਟੂ ਸ਼ਿਆਮ ਭਗਤ ਪਿਆਰਾ ਲਾਲ ਬਿੱਟੂ ਜੀ ਸ਼੍ਰੀ ਅਨੰਦਪੁਰ ਸਾਹਿਬ ਵਾਲਿਆਂ ਵੱਲੋਂ ਕੀਤਾ ਗਿਆ ਸਾਰਿਆਂ ਦੀ ਇਸ ਮੌਕੇ ਕਮੇਟੀ ਦੇ ਪ੍ਰਧਾਨ ਸ੍ਰੀ ਲੱਕੀ ਕਪਿਲਾ ਜੀ , ਚੇਅਰਮੈਨ ਸ਼੍ਰੀ ਗੋਪਾਲ ਸ਼ਰਮਾ ਜੀ , ਹਰੀਸ਼ ਪੁਰੀ ਦਿੱਲੀ ਵਾਲ਼ੇ ,ਪਵਨ ਕੁਮਾਰ ਚੀਟੂ , ਪਵਨ ਕੁਮਾਰ ਫੋਰਮੈਨ , ਗਗਨ ਗੱਗੂ , ਕਮਲਜੀਤ ਲੱਕੀ , ਮਾਸਟਰ ਸੰਜੀਵ ਧਰਮਾਣੀ , ਵਿਕਾਸ ਸੇਖੜੀ , ਰਕੇਸ਼ ਭੋਲਾ , ਰਘੂਕੁੱਲ ਭੂਸ਼ਣ ਲੰਬਰਦਾਰ ਬਾਸੋਵਾਲ ਕਲੋਨੀ , ਕਾਨੂੰਨੀ ਸਲਾਹਕਾਰ ਯਸ਼ਪਾਲ , ਕਾਂਸ਼ੀ ਰਾਮ , ਬਾਬੂ ਗੋਪਾਲ ਕ੍ਰਿਸ਼ਨ , ਸੱਤਪਾਲ ਪ੍ਰਧਾਨ ਬੀ.ਬੀ.ਐਮ.ਬੀ. , ਡਾਕਟਰ ਸ਼ਾਦੀ ਲਾਲ , ਯੁਵਰਾਜ ਟਿੰਕੂ , ਸੁਧਾਮਾ ਜੀ , ਪੰਡਿਤ ਰਾਜੇਸ਼ ਨਟਿਆਲ , ਰੋਹਿਤ ਕਪਿਲਾ , ਸ਼੍ਰੀ ਨੈਣਾ ਦੇਵੀ ਟ੍ਰਸਟ ਦੇ ਪ੍ਰਧਾਨ ਸੋਨੂੰ ਜੀ ਆਦਿ ਹਾਜ਼ਰ ਸਨ।

ਭਾਰਤ ਚੋਣ ਕਮਿਸ਼ਨ ਨੇ ਆਈ.ਟੀ.ਐਪਲੀਕੇਸ਼ਨਾਂ ਬਾਰੇ ਵੀਡੀਓ ਕਾਨਫਰੰਸ ਰਾਹੀਂ ਦਿੱਤੀ ਸਿਖਲਾਈ

ਜਲੰਧਰ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਗਾਮੀ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਦੇ ਮੱਦੇਨਜ਼ਰ ਭਾਰਤ ਚੋਣ ਕਮਿਸ਼ਨ ਵੱਲੋਂ ਆਈ.ਟੀ.ਐਪਲੀਕੇਸ਼ਨਾਂ ਸਬੰਧੀ ਵੀਡੀਓ ਕਾਨਫਰੰਸ ਰਾਹੀਂ ਸਿਖਲਾਈ ਪ੍ਰਦਾਨ ਕੀਤੀ ਗਈ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਦੀ ਮੌਜੂਦਗੀ ਵਿੱਚ ਸਮੂਹ ਸਹਾਇਕ ਰਿਟਰਨਿੰਗ ਅਫ਼ਸਰਾਂ, ਫਲਾਇੰਗ ਸਕੁਐਡ ਟੀਮਾਂ, ਸਟੈਟਿਕ ਸਰਵੇਲੈਂਸ ਟੀਮਾਂ ਤੇ ਪ੍ਰਵਾਨਗੀ ਸੈੱਲਾਂ ਦੇ ਮੁਖੀਆਂ, ਆਈ.ਟੀ.ਐਪਲੀਕੇਸ਼ਨਾਂ ਸਬੰਧੀ ਜ਼ਿਲ੍ਹਾ ਨੋਡਲ ਅਧਿਕਾਰੀਆਂ ਅਤੇ ਪੁਲਿਸ, ਐਨ.ਸੀ.ਬੀ., ਆਬਕਾਰੀ ਵਿਭਾਗ, ਆਮਦਨ ਕਰ ਵਿਭਾਗ, ਸਟੇਟ/ਸੈਂਟਰਲ ਜੀ.ਐਸ.ਟੀ., ਈ.ਡੀ. ਸਮੇਤ ਸਮੂਹ ਇਨਫੋਰਸਮੈਂਟ ਏਜੰਸੀਆਂ ਦੇ ਮੁਖੀਆਂ ਨੇ ਸਿਖਲਾਈ ਸੈਸ਼ਨ ਵਿੱਚ ਭਾਗ ਲਿਆ।

ਇਸ ਦੌਰਾਨ ਸਬੰਧਤ ਅਧਿਕਾਰੀਆਂ ਨੇ 'ਇਲੈਕਸ਼ਨ ਸੀਜ਼ਰ ਮੈਨੇਜਮੈਂਟ ਸਿਸਟਮ' (ਈ.ਐਸ.ਐਮ.ਐਸ.) ਐਪਲੀਕੇਸ਼ਨ, ਜਿਸ ਦੀ ਵਰਤੋਂ ਆਦਰਸ਼ ਚੋਣ ਜ਼ਾਬਤੇ ਦੌਰਾਨ ਮੋਬਾਇਲ ਐਪ ਰਾਹੀਂ ਸਿੱਧਾ ਫੀਲਡ ਵਿੱਚੋਂ ਜ਼ਬਤ ਕੀਤੀ ਨਕਦੀ, ਸ਼ਰਾਬ, ਨਸ਼ੇ ਆਦਿ ਵਸਤਾਂ ਸਬੰਧੀ ਸੂਚਨਾ ਨੂੰ ਡਿਜੀਟਾਈਜ਼ ਕਰਨ ਲਈ ਕੀਤੀ ਜਾਂਦੀ ਹੈ, ਬਾਰੇ ਸਿਖਲਾਈ ਹਾਸਲ ਕੀਤੀ। ਅਧਿਕਾਰੀਆਂ ਵੱਲੋਂ ਸੀ-ਵਿਜਲ ਐਪ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਮਿਲਣ ਵਾਲੀਆਂ ਸ਼

ਸਾਲ 2024-25 ਦੌਰਾਨ 9000 ਕਿਲੋਮੀਟਰ ਲੰਬੀਆਂ ਸੜਕਾਂ ਦਾ ਸੁਧਾਰ ਕੀਤਾ ਜਾਵੇਗਾ - ਮੁੱਖ ਮੰਤਰੀ ਮਨੋਹਰ ਲਾਲ

➢ ਰਾਜ ਵਿੱਚ 300 ਕਿਲੋਮੀਟਰ ਲੰਬੀਆਂ ਸੜਕਾਂ ਨੂੰ ਚੌੜਾ ਅਤੇ ਮਜ਼ਬੂਤ ਕਰਨ ਲਈ ਕੀਤਾ ਜਾਵੇਗਾ ਕੰਮ
➢ ਸਾਲ 2024-25 ਦੌਰਾਨ 28 ਆਰ.ਓ.ਬੀ., ਆਰ.ਯੂ.ਬੀ. ਅਤੇ ਪੁਲ ਦਾ ਨਿਰਮਾਣ ਕਰਾਇਆ ਜਾਵੇਗਾ

ਚੰਡੀਗੜ੍ਹ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਸ਼੍ਰੀ ਮਨੋਹਰ ਲਾਲ ਨੇ ਕਿਹਾ ਕਿ ਇਹ ਸੱਚ ਹੈ ਕਿ ਢਾਂਚਾਗਤ ਪਰਿਯੋਜਨਾਵਾਂ ਨੂੰ ਲਾਗੂ ਕਰਦੇ ਸਮੇਂ ਗੁਣਵੱਤਾ ਇੱਕ ਮਹੱਤਵਪੂਰਨ ਤੱਤ ਹੈ। ਇਸ ਲਈ, ਸਰਕਾਰ ਨੇ ਇੰਜੀਨੀਅਰਿੰਗ ਕੰਮਾਂ ਵਿੱਚ ਗੁਣਵੱਤਾ ਲਿਆਉਣ ਲਈ ਨਿਯਮਾਂ ਅਤੇ ਮਾਪਦੰਡਾਂ ਦੀ ਸਥਾਪਨਾ ਤੇ ਨੋਟੀਫਿਕੇਸ਼ਨ ਅਤੇ ਗੁਣਵੱਤਾ ਜਾਂਚ ਪ੍ਰਯੋਗਸ਼ਾਲਾਵਾਂ ਅਤੇ ਕੇਂਦਰਾਂ ਨੂੰ ਮਾਨਤਾ ਦੇਣ ਲਈ ਗੁਣਵੱਤਾ ਭਰੋਸਾ ਅਥਾਰਟੀ ਦੀ ਸਥਾਪਨਾ ਕੀਤੀ ਹੈ। ਇਹ ਅਥਾਰਟੀ ਗੁਣਵੱਤਾ ਭਰੋਸਾ ਦੇ ਉਪਾਵਾਂ ਤੇ ਸਿਖਲਾਈ ਪ੍ਰਦਾਨ ਕਰਨ ਤੋਂ ਇਲਾਵਾ ਕਠੋਰ ਗੁਣਵੱਤਾ ਜਾਂਚ ਯਕੀਨੀ ਕਰਨ ਲਈ ਗੁਣਵੱਤਾ ਦੀ ਲੇਖਾ ਪ੍ਰੀਦਖਆ, ਇੰਜਿਲੇਟਰ ਨੂੰ ਸੂਚੀਬੱਧ ਕਰਨ ਤੇ ਮਾਨਕ ਸੰਚਾਲਨ ਪ੍ਰਕਿਰਿਆਵਾਂ ਨੂੰ ਪਰਿਭਾਸ਼ਿਤ ਕਰਨ ਦਾ ਕੰਮ ਵੀ ਕਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2022-23 ਦੇ ਬਜਟ ਭਾਸ਼ਣ ਦੌਰਾਨ ਮੈਂ ਐਲਾਨ ਕੀਤਾ ਸੀ ਕਿ ਲੋਕ ਨਿਰਮਾਣ ਵਿਭਾਗ ਦੇ ਬਜਟ ਦੀ 50 ਫੀਸਦੀ ਰਕਮ ਦੀ ਵਰਤੋਂ ਸੜਕਾਂ ਦੇ ਰੱਖ-ਰਖਾਅ ਲਈ ਕੀਤੀ ਜਾਵੇਗੀ। ਸਰਕਾਰ ਬਜਟ ਦੀ 64 ਫੀਸਦੀ ਰਾਸ਼ੀ ਸੜਕਾਂ ਦੇ ਰੱਖ-ਰਖਾਅ ਅਤੇ ਮੁਰੰਮਤ 'ਤੇ ਵਰਤਣ 'ਚ ਸਫਲ ਰਹੀ ਹੈ। ਸਾਲ 2023-24 ਦੌਰਾਨ 216 ਕਿਲੋਮੀਟਰ



ਲੰਬੀਆਂ ਨਵੀਆਂ ਸੜਕਾਂ ਬਣਾਈਆਂ ਗਈਆਂ ਹਨ ਅਤੇ 3057 ਕਿਲੋਮੀਟਰ ਲੰਬੀਆਂ ਸੜਕਾਂ ਨੂੰ ਸੁਧਾਰਿਆ ਗਿਆ ਹੈ। ਸਾਲ 2024-25 ਦੌਰਾਨ 9000 ਕਿਲੋਮੀਟਰ ਲੰਬੀਆਂ ਸੜਕਾਂ ਨੂੰ ਸੁਧਾਰਨ ਦਾ ਪ੍ਰਸਤਾਵ ਹੈ। ਇਸ ਤੋਂ ਇਲਾਵਾ ਸਾਲ 2024-25 ਦੌਰਾਨ 300 ਕਿਲੋਮੀਟਰ ਲੰਬੀਆਂ ਸੜਕਾਂ ਨੂੰ ਚੌੜਾ ਅਤੇ ਮਜ਼ਬੂਤ ਕਰਨ ਦਾ ਕੰਮ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ 52 ਆਰ.ਓ.ਬੀ., ਆਰ.ਯੂ.ਬੀ. ਅਤੇ ਪੁਲ ਦਾ ਕੰਮ ਚੱਲ ਰਿਹਾ ਹੈ, ਜਿਸ ਦੀ ਉਸਾਰੀ ਦਾ ਕੰਮ ਜਲਦੀ ਮੁਕੰਮਲ ਹੋਣ ਦੀ ਸੰਭਾਵਨਾ ਹੈ। ਸਾਲ 2024-25 ਦੌਰਾਨ 28 ਆਰ.ਓ.ਬੀ., ਆਰ.ਯੂ.ਬੀ. ਅਤੇ ਪੁਲ ਬਣਾਉਣ ਦਾ ਕੰਮ ਪ੍ਰਸਤਾਵਿਤ ਹੈ।

ਮੁੱਖ ਮੰਤਰੀ ਨੇ ਕਿਹਾ ਕਿ 61 ਕਿਲੋਮੀਟਰ ਲੰਬੀ ਕਰਨਾਲ-ਯਮੁਨਾਨਗਰ ਰੇਲਵੇ ਲਾਈਨ ਅਤੇ 30 ਕਿਲੋਮੀਟਰ ਲੰਬੀ ਫਾਰੂਖਨਗਰ-ਝੱਜਰ ਰੇਲਵੇ ਲਾਈਨ ਦੀ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਤਿਆਰ ਕਰਨ ਦਾ ਕੰਮ ਹਰਿਆਣਾ ਰੇਲਵੇ ਇਨਫਰਾਸਟਰੱਕਚਰ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ ਦੁਆਰਾ ਕੀਤੇ ਗਏ ਵਿਵਹਾਰਤਾ ਅਧਿਐਨ ਦੇ ਆਧਾਰ 'ਤੇ ਉੱਤਰੀ ਰੇਲਵੇ ਵੱਲੋਂ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸ਼ਹਿਰੀ ਖੇਤਰਾਂ ਵਿੱਚ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਕਈ ਓਵਰਹੈੱਡ ਬ੍ਰਿਜ ਬਣਾਉਣ ਦੀ ਬਜਾਏ ਐਲੀਵੇਟਿਡ ਰੇਲਵੇ ਟਰੈਕ ਬਣਾਏ ਜਾਣਗੇ। ਇਸ ਤਹਿਤ ਰੋਹਤਕ ਸ਼ਹਿਰ ਵਿੱਚ ਇੱਕ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਕੁਰੂਕਸ਼ੇਤਰ ਐਲੀਵੇਟਿਡ ਟਰੈਕ ਸਾਲ 2024-25 ਵਿੱਚ ਚਾਲੂ ਹੋਣ ਦੀ ਸੰਭਾਵਨਾ ਹੈ। ਕੈਥਲ ਅਤੇ ਬਹਾਦੁਰਗੜ੍ਹ ਵਿੱਚ ਐਲੀਵੇਟਿਡ ਟ੍ਰੈਕ ਬਣਾਉਣ ਲਈ ਸੰਭਾਵਨਾਵਾਂ ਦਾ ਅਧਿਐਨ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਔਰਬਿਟਲ ਰੇਲ ਕਾਰੀਡੋਰ ਦਾ ਨੀਂਹ ਪੱਥਰ ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਅਕਤੂਬਰ 2022 ਵਿੱਚ ਰੱਖਿਆ ਸੀ।

ਹਰਿਆਣਾ ਔਰਬਿਟਲ ਰੇਲ ਕੋਰੀਡੋਰ ਦੀ ਪਾਟਲੀ-ਮਾਨੇਸਰ ਲਾਈਨ ਦੇ ਸਾਲ 2024-25 ਵਿੱਚ ਚਾਲੂ ਹੋਣ ਦੀ ਸੰਭਾਵਨਾ ਹੈ। ਵਿੱਤੀ ਸਾਲ 2024-25 ਦੇ ਬਜਟ ਵਿੱਚ ਸੜਕਾਂ, ਹਾਈਵੇਅ ਅਤੇ ਰੇਲਵੇ ਸੈਕਟਰ ਲਈ 5504.75 ਕਰੋੜ ਰੁਪਏ ਅਨਾਟ ਕਰਨ ਦਾ ਪ੍ਰਸਤਾਵ ਹੈ।

ਊਰਜਾ ਖੇਤਰ ਲਈ 7,061.51 ਕਰੋੜ ਰੁਪਏ ਅਲਾਟ ਹੋਣਗੇ : ਖੱਟੜ

ਚੰਡੀਗੜ੍ਹ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਸ਼੍ਰੀ ਮਨੋਹਰ ਲਾਲ ਨੇ ਕਿਹਾ ਕਿ ਰਾਜ ਸਰਕਾਰ ਸਾਰਿਆਂ ਨੂੰ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ 24 ਘੰਟੇ ਬਿਜਲੀ ਪ੍ਰਦਾਨ ਕਰਨ ਲਈ ਵਚਨਬੱਧ ਹੈ। ਮੇਰਾ ਗਾਓਂ-ਜਗਮਗ ਗਾਓਂ ਯੋਜਨਾ ਤਹਿਤ 5805 ਪਿੰਡਾਂ ਨੂੰ 24 ਘੰਟੇ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ।ਵਿੱਤੀ ਸਾਲ 2024-25 ਦੇ ਬਜਟ ਵਿੱਚ ਊਰਜਾ ਖੇਤਰ ਲਈ 7,061.51 ਕਰੋੜ ਰੁਪਏ ਅਲਾਟ ਕਰਨ ਦਾ ਪ੍ਰਸਤਾਵ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਸਾਲ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਯਮੁਨਾਨਗਰ ਵਿੱਚ ਸਾਲ 2023-24 ਵਿੱਚ 800 ਮੈਗਾਵਾਟ ਦਾ ਥਰਮਲ ਬਿਜਲੀ ਘਰ ਬਣਾਇਆ ਜਾਵੇਗਾ। 6,900 ਕਰੋੜ ਰੁਪਏ ਦੀ ਲਾਗਤ ਨਾਲ ਇਸ ਦੇ ਨਿਰਮਾਣ ਦਾ ਟੈਂਡਰ ਹਾਲ ਹੀ ਵਿੱਚ ਭਾਰਤ ਹੈਵੀ ਇਲੈਕਟ੍ਰੀਕਲਜ਼ ਲਿਮਟਿਡ ਨੂੰ ਦਿੱਤਾ ਗਿਆ ਹੈ। ਓਡੀਸ਼ਾ ਵਿੱਚ ਸਥਾਪਤ ਕੀਤੇ ਜਾਣ ਵਾਲੇ ਪ੍ਰਸਤਾਵਿਤ ਪਿਟ-ਹੈੱਡ ਥਰਮਲ ਪਾਵਰ ਪਲਾਂਟ ਤੋਂ 800 ਮੈਗਾਵਾਟ ਬਿਜ।

ਆਡੀਟੋਰੀਅਮ ਸੀਨੀਅਰ ਪੰਜਾਬ ਪਬਲਿਕ ਸਕੂਲ ਨਾਭਾ ਵਿਖੇ ਜੈਤੋ ਦੇ ਸ਼ਹੀਦ ਪਰਿਵਾਰਾ ਦਾ ਸਨਮਾਨ ਕੀਤਾ ਜਾਵੇਗਾ:-ਮਹਾਰਾਣੀ ਪ੍ਰੀਤੀ ਸਿੰਘ

ਨਾਭਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅਵਤਾਰ ਸਿੰਘ ਸ਼ੇਰ ਗਿੱਲ ਮਹਾਰਾਣੀ ਪ੍ਰੀਤੀ ਸਿੰਘ ਸ਼ਾਹੀ ਪਰਿਵਾਰ ਨਾਭਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜੈਤੋ ਦੇ ਮੋਰਚੇ ਦੇ ਸ਼ਹੀਦ ਪਰਿਵਾਰਾਂ ਦਾ ਸਨਮਾਨ ਕਰਨ ਲਈ ਆਡੀਟੋਰੀਅਮ ਸੀਨੀਅਰ ਪੰਜਾਬ ਪਬਲਿਕ ਸਕੂਲ ਨਾਭਾ ਵਿਖੇ ਮਿਤੀ 24 ਅਤੇ 25 ਫਰਵਰੀ ਨੂੰ ਅੰਤਰ ਰਾਸ਼ਟਰੀ ਸੈਮੀਨਾਰ ਅਤੇ ਸਨਮਾਨ ਸਮਾਰੋਹ ਰੱਖਿਆ ਗਿਆ ਹੈ ਮਿਤੀ 28 ਫਰਬਰੀ 2024 ਨੂੰ ਐਡਵੋਕੇਟ ਸ੍ਰੀ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਐਸ.ਜੀ.ਪੀ.ਸੀ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ।

ਮਿਤੀ 28/02/2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ।

ਸ਼ਾਹੀ ਪਰਿਵਾਰ ਨਾਭਾ ਅਤੇ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਵੱਲੋਂ ਆਪ ਜੀ ਨੂੰ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

ਇਸ ਸਮੇਂ ਗੁਰੂ ਕਾ ਲੰਗਰ ਵੀ ਅਤੁੱਟ ਵਰਤੇਗਾ

ਪੰਚਕੂਲਾ ਵਿੱਚ ਤਿੰਨ ਰੋਜ਼ਾ ਫਿਲਮ ਫੈਸਟੀਵਲ ਸ਼ੁਰੂ

ਪੰਚਕੂਲਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇੱਥੇ ਤਿੰਨ ਰੋਜ਼ਾ ਫਿਲਮ ਫੈਸਟੀਵਲ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਸ ਸਮਾਗਮ ਦੌਰਾਨ ਫਿਲਮਕਾਰਾਂ ਨੂੰ 10 ਲੱਖ ਰੁਪਏ ਦੇ ਪੁਰਸਕਾਰ ਦਿੱਤੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਫੈਸਟੀਵਲ ਵਿੱਚ ਚਾਰ ਥੀਏਟਰ ਬਣਾਏ ਗਏ ਹਨ ਜਿਨ੍ਹਾਂ ਵਿੱਚ ਅਗਲੇ ਤਿੰਨ ਦਿਨ ਸਵੇਰ ਤੋਂ ਸ਼ਾਮ ਤੱਕ ਮੁਕਾਬਲੇ ਵਿੱਚ ਆਈਆਂ ਫਿਲਮਾਂ ਚੱਲਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਫਿਲਮਾਂ ਵਿੱਚ 13 ਬਾਲ ਫਿਲਮਾਂ ਹਨ। ਉਨ੍ਹਾਂ ਕਿਹਾ ਕਿ ਇੰਨੀ ਵੱਡੀ ਪੱਧਰ ਦਾ ਫਿਲਮ ਫੈਸਟੀਵਲ ਹਰਿਆਣਾ ਵਿੱਚ ਪਹਿਲੀ ਵਾਰ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਫਿਲਮ ਅਤੇ

ਮਨੋਰੰਜਨ ਨੀਤੀ ਬਣਾਈ ਗਈ ਹੈ ਜਿਸ ਦੇ ਤਹਿਤ ਪਿੰਜੌਰ ਵਿੱਚ ਫਿਲਮ ਸਿਟੀ ਬਣਾਇਆ ਜਾਵੇਗਾ।ਇਸ ਮੌਕੇ ਤੇ ਹਰਿਆਣਾ ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਵੀ ਸ਼ਾਮਲ ਹੋਏ। ਉਦਘਾਟਨੀ ਸਮਾਰੋਹ ਵੇਲੇ ਪੰਜਾਬੀ ਦੇ ਪ੍ਰਸਿੱਧ ਗਾਇਕ ਦਲੇਰ ਮਹਿੰਦੀ ਵੀ ਸ਼ਾਮਲ ਹੋਏ ਉਨ੍ਹਾਂ ਹਰਿਆਣਾ ਸਰਕਾਰ ਨੂੰ ਇਹ ਫੈਸਟੀਵਲ ਕਰਵਾਉਣ ਲਈ ਵਧਾਈ ਦਿੱਤੀ। ਡਾ. ਚੰਦਰ ਪ੍ਰਕਾਸ਼ ਦੀਵੇਦੀ ਨੇ ਫਿਲਮ ਸਨਅਤ ਬਾਰੇ ਜਾਣਕਾਰੀ ਦਿੱਤੀ

ਹਰਿਆਣਾ ਸਰਕਾਰ ਦਾ ਬਜਟ ਲੋਕ ਵਿਰੋਧੀ: ਅਸ਼ੋਕ ਅਰੋੜਾ

ਸ਼ਾਹਬਾਦ ਮਾਰਕੰਡਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਾਬਕਾ ਮੰਤਰੀ ਤੇ ਸੀਨੀਅਰ ਕਾਂਗਰਸੀ ਨੇਤਾ ਅਸ਼ੋਕ ਅਰੋੜਾ ਨੇ ਹਰਿਆਣਾ ਸਰਕਾਰ ਦੇ ਬਜਟ ਨੂੰ ਕਰਜ਼ ਵਧਾਉਣ ਵਾਲਾ ਤੇ ਲੋਕ ਵਿਰੋਧੀ ਕਰਾਰ ਦਿੰਦਿਆਂ ਆਖਿਆ ਕਿ ਇਹ ਬਜਟ ਪਹਿਲਾਂ ਹੀ ਕਰਜ਼ ਵਿਚ ਡੁਬੇ ਸੂਬੇ 'ਤੇ ਹੋਰ ਜ਼ਿਆਦਾ ਕਰਜ਼ ਵਧਾਏਗਾ। ਜੇ ਇਹੀ ਹਾਲਾਤ ਰਹੇ ਤਾਂ ਹਰਿਆਣਾ ਦੀਵਾਲੀਆ ਹੋ ਜਾਏਗਾ। ਉਨ੍ਹਾਂ ਕਿਹਾ ਕਿ ਬਜਟ ਵਿੱਚ ਖੇਤੀ, ਸਿੱਖਿਆ ਤੇ ਦਿਹਾਤੀ ਵਿਕਾਸ ਦੀ ਰਕਮ ਵਿਚ ਕਟੌਤੀ ਕਰਨਾ ਮੰਦਭਾਗਾ ਹੈ। ਬਜਟ ਮੁਤਾਬਕ 35.47 ਫ਼ੀਸਦ ਉਧਾਰ ਲਿਆ ਜਾਏਗਾ ਜਦਕਿ 13.26 ਫ਼ੀਸਦ ਵਿਆਜ ਵਿੱਚ ਜਾਏਗਾ ਤੇ 17.93 ਫ਼ੀਸਦ ਕਰਜ ਉਤਾਰਨ ਵਿਚ ਚਲਾ



ਜਾਏਗਾ। ਸਰਕਾਰ ਕਰਜ਼ਾ ਲਾਹੁਣ ਲਈ ਵੀ ਕਰਜ਼ਾ ਲਵੇਗੀ। ਸਾਬਕਾ ਮੰਤਰੀ ਅਸ਼ੋਕ ਅਰੋੜਾ ਨੇ ਬਜਟ ਨੂੰ ਲੋਕ ਵਿਰੋਧੀ ਕਰਾਰ ਦਿੱਤਾ ਤੇ ਕਿਹਾ ਕਿ ਬਜਟ ਵਿੱਚ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।

ਰਾਸ਼ਨ ਡਿੱਪੂ ਯੂਨੀਅਨ ਵਲੋਂ ਪੰਜਾਬ ਸਰਕਾਰ ਦੇ ਨਾਂ ਡੀਸੀ ਮਲੇਰਕੋਟਲਾ ਨੂੰ ਮੰਗ ਪੱਤਰ ਦਿੱਤਾ

ਮਲੇਰਕੋਟਲਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਨ ਡੀਪੂ ਹੋਲਡਰ ਫੈਡਰੇਸ਼ਨ ਰਜਿ:118 ਸੁਖਵਿੰਦਰ ਸਿੰਘ ਕਾਂਝਲਾ ਜੀ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲਾ ਮਲੇਰਕੋਟਲਾ ਵਲੋਂ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂ ਡੀਸੀ ਮਲੇਰਕੋਟਲਾ ਡਾ ਪੱਲਵੀ ਨੂੰ ਮੰਗ ਪੱਤਰ ਦਿੱਤਾ ।ਇਸ ਮੌਕੇ ਸੂਬਾ ਪ੍ਰੈਸ ਸਕੱਤਰ ਮੁਹੰਮਦ ਸਲੀਮ ਮਲੇਰਕੋਟਲਾ ਅਤੇ ਬਲਾਕ ਪ੍ਰਧਾਨ ਸੁਦਾਗਰ ਅਲੀ ਕਰਮਜੀਤ ਸਿੰਘ, ਮੱਖਣ ਗਰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੀ ਪਹਿਲੀ ਅਜਿਹੀ ਮਾਨ ਸਰਕਾਰ ਡਿੱਪੂ ਹੋਲਡਰਾਂ ਨੂੰ ਬੇਲੇ ਕਰਨ ਜਾ ਰਹੀ ਹੈ ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਰਕਾਰੀ ਰਾਸ਼ਨ ਡਿੱਪੂ 1955 ਤੋਂ ਚੱਲਦੇ ਆ ਰਹੇ ਹਨ , ਇਹਨਾਂ ਰਾਸ਼ਨ ਡਿੱਪੂਅ ਤੇ ਸਮੇਂ ਦੀਆਂ ਸਰਕਾਰਾਂ ਨੇ ਕਣਕ, ਆਟਾ,ਚੀਨੀ , ਘਿਓ ਦਾਲਾਂ, ਮਿੱਟੀ ਦੇ ਤੇਲ ਸਮੇਤ ਕੱਪੜਾ ਆਦਿ ਪੰਜਾਬ ਦੇ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਇਹਨਾਂ ਰਾਸ਼ਨ ਡਿਪੂਆਂ ਰਾਹੀਂ ਵੰਡਿਆਂ ਗਿਆ ਹੈ ਪਰ ਹੁਣ ਭਗਵੰਤ ਮਾਨ ਸਰਕਾਰ ਨੇ ਮਾਰਕਫੈੱਡ ਨੂੰ ਆਟਾ ਕਣਕ ਘਰ ਘਰ ਵੰਡਣ ਦੇ ਲਾਇਸੰਸ ਦੇ ਕੇ 1955 ਤੋਂ ਚਲਦੇ ਡਿਪੂਆਂ ਹੋਲਡਰਾਂ ਤੋਂ ਰੋਜ਼ਗਾਰ ਖੋਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਘਰ ਘਰ ਰਾਸ਼ਨ ਪੰਹੁਚਾਉਣ ਦੀ ਇਸ ਸਕੀਮ ਤੇ 690 ਕਰੋੜ ਖਰਚੇ ਕਰੇ ਜਾ ਰਹੇ ਹਨ ਜੋ ਕਿ ਪੰਜਾਬ ਦੇ ਖਜ਼ਾਨੇ ਤੇ ਸਿੱਧੇ ਤੋਰ 'ਤੇ ਬੋਝ ਪਵੇਗਾ ਜਿਸ ਦਾ ਖੰਮਿਜਾਨਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ, ਉਨ੍ਹਾਂ ਕਿਹਾ ਕਿ ਜਦ ਕਿ ਬਿਨਾਂ 690 ਕਰੋੜ ਖਰਚਿਆਂ 1955 ਚਲਦਿਆਂ ਸਰਕਾਰੀ ਰਾਸ਼ਨ ਡਿਪੂਆਂ ਰਾਹੀ ਕਣਕ ਆਟਾ ਆਦਿ ਵੰਡਦੇ ਆ ਰਿਹਾ ਹਾਂ। ਉਨ੍ਹਾਂ ਕਿਹਾ ਕਿ ਕਰੋਨਾ ਦੋਰਾਨ ਵੀ ਡਿੱਪੂ ਹੋਲਡਰਾਂ ਨੇ ਅਪਣੀ ਅਤੇ ਅਪਣੇ ਪਰਿਵਾਰ ਦੀ ਪਰਵਾਹ ਨਾ ਕਰਦਿਆਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੇ ਗਈ ਕਣਕ ਅਤੇ ਦਾਲ ਨੂੰ 40 ਲੱਖ ਪਰਿਵਾਰਾਂ ਦੇ ਹਰ ਘਰ

ਅਤੇ ਹਰ ਪਰਿਵਾਰ ਨੂੰ ਰਾਸ਼ਨ ਵੰਡਿਆਂ ਗਿਆ ਸੀ ਉਦੋਂ ਇਹ ਮਾਰਕਫੈੱਡ ਵਾਲੇ ਕਿੱਥੇ ਸਨ ਉਸ ਸੰਕਟ ਦੀ ਘੜੀ ਵਿਚ ਡਿੱਪੂ ਹੋਲਡਰਾਂ ਸਰਕਾਰਾਂ ਨੂੰ ਯਾਦ ਸਨ ਹੁਣ ਕਿਉਂ ਨਹੀਂ ਯਾਦ ਰਹੇ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀ ਮਾਨ ਵੱਲੋਂ ਨਵੇਂ ਡਿੱਪੂਆਂ ਤੇ ਜੋ ਮਾਰਕਫੈੱਡ ਨੂੰ ਪੰਜਾਬ ਸਰਕਾਰ ਨੇ ਜ਼ਾਰੀ ਕੀਤੇ ਹਨ ਉਹਨਾਂ ਡਿੱਪੂਆਂ ਤੇ ਕਾਰਡ 1000,1500, ਰਾਸ਼ਨ ਕਾਰਡ ਹਨ ਅਤੇ 15 ਤੋਂ 20- ਕਿਲੋਮੀਟਰ ਤੱਕ ਦੂਰ ਸਪਲਾਈਆਂ ਅਟੈਚ ਕਰ ਦਿੱਤੀਆਂ ਗਈਆਂ ਹਨ ਅਜਿਹਾ ਕਰਨ ਨਾਲ ਪੰਜਾਬ ਦੇ18500 ਡਿੱਪੂ ਹੋਲਡਰ ਬੇਰੁਜ਼ਗਾਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਗਰੀਬ ਲੋਕਾਂ ਨੂੰ ਖਰਾਬ ਆਟਾ ਖਾਣ ਲਈ ਮਜਬੂਰ ਕਰ ਰਹੀ ਹੈ। ਸੂਬਾ ਪ੍ਰੈਸ ਸਕੱਤਰ ਮੁਹੰਮਦ ਸਲੀਮ ਨੇ ਕਿਹਾ ਕਿ ਜੋ ਪੰਜਾਬ ਸਰਕਾਰ ਨੇ ਨਵੇਂ ਮਾਰਕਫੈੱਡ ਨੂੰ ਡਿੱਪੂ ਅਲਾਟ ਕੀਤੇ ਹਨ ਉਹਨਾਂ ਦੇ ਡਿਪੂ ਹੋਲਡਰ ਨੂੰ 15 ਹਜ਼ਾਰ ਤਨਖਾਹ ਅਤੇ ਉਹਨੇ ਦੇ ਹੈਲਪਰ 8 ਹਜ਼ਾਰ ਰੁਪਏ ਤਨਖਾਹ ਡਰਾਈਵਰ ਅਤੇ ਟਰਾਂਸਪੋਰਟ ਦੇ ਵੱਖਰੇ ਖਰਚੇ ਹਨ। ਉਨ੍ਹਾਂ ਕਿਹਾ ਕਿ ਪੁਰਾਣੇ ਡਿੱਪੂ ਹੋਲਡਰਾਂ ਨੂੰ 15 ਹਜ਼ਾਰ ਰੁਪਏ ਤਨਖਾਹ ਕਿਉ ਨਹੀ, ਹੈਲਪਰ ਕਿਉਂ ਨਹੀਂ, ਟਰਾਂਸਪੋਰਟ ਕਿਉਂ ਨਹੀਂ ।ਉਨ੍ਹਾਂ ਨੇ ਕਿਹਾ ਕਿ ਮੰਗਾਂ ਨਾ ਮੰਨਣ 'ਤੇ 18500 ਡਿੱਪੂ ਹੋਲਡਰ ਵੱਲੋ ਮੁੱਖ ਮੰਤਰੀ ਭਗਵੰਤ ਮਾਨ ਦਾ ਹਲਕਾ ਜਲਦੀ ਘੇਰਨਗੇ। ਉਹਨਾਂ ਕਿਹਾ ਕਿ ਹੁਣ ਜੋ ਡਿੱਪੂਆਂ ਤੇ ਸਪਲਾਈ ਦਿੱਤੀ ਜਾ ਰਹੀ ਉਹ ਕੇਂਦਰ ਵੱਲੋਂ ਨੈਸ

ਕੁਸ਼ਟ ਰੋਗ ਕੁਦਰਤ ਦੀ ਕਰੋਪੀ ਜਾਂ ਪੁਰਾਣੇ ਜਨਮਾਂ ਦਾ ਫਲ ਨਹੀ ਹੈ ਬਲਕਿ ਇਹ ਚਮੜੀ ਦਾ ਰੋਗ ਹੈ : ਸਿਵਲ ਸਰਜਨ

ਪਟਿਆਲਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਟਰੀ ਕੁਸ਼ਟ ਨਿਵਾਰਣ ਪ੍ਰੋਗਰਾਮ ਤਹਿਤ ਸਿਵਲ ਸਰਜਨ ਡਾ. ਰਮਿੰਦਰ ਕੌਰ ਨੇਂ ਪਟਿਆਲਾ ਦੇ ਸ਼੍ਰੀ ਖੁਸ਼ਦੇਵਾ ਕੁਸ਼ਟ ਆਸ਼ਰਮ ਵਿਚ ਰਹਿੰਦੇ ਕੁਸ਼ਟ ਰੋਗੀਆਂ ਨੂੰ ਜਖਮਾਂ ਦੀ ਦੇਖਭਾਲ ਲਈ ਦਵਾਈਆਂ ਅਤੇ ਅਲਸਰ ਕੇਅਰ ਕਿੱਟਾ ਦੀ ਵੰਡ ਕੀਤੀ ਗਈ।ਇਸ ਮੌਕੇ ਉਹਨਾਂ ਨਾਲ ਜਿਲ੍ਹਾ ਨੋਡਲ ਅਫਸਰ ਡਾ. ਗੁਰਪ੍ਰੀਤ ਕੌਰ, ਜਿਲਾ ਮਾਸ ਮੀਡੀਆ ਅਫਸਰ ਕ੍ਰਿਸ਼ਨ ਕੁਮਾਰ, ਲੈਪਰੋਸੀ ਸੁਪਰਵਾਈਜਰ ਕੁਲਦੀਪ ਕੌਰ ਅਤੇ ਗੁਰਪ੍ਰੀਤ ਕੋਰ ਵੀ ਉਹਨਾਂ ਨਾਲ ਸਨ।

ਸਿਵਲ ਸਰਜਨ ਡਾ. ਰਮਿੰਦਰ ਕੋਰ ਕੁਸ਼ਟ ਰੋਗੀਆਂ ਨੂੰ ਅਲਸਰ ਕਿੱਟਾ ਅਤੇ ਜੂੱਤੀਆਂ ਦੀ ਵੰਡ ਕਰਦੇ ਹੋਏ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

ਸਿਵਲ ਸਰਜਨ ਡਾ.ਰਮਿੰਦਰ ਕੋਰ ਨੇ ਦੱਸਿਆ ਕਿ ਰਾਸ਼ਟਰੀ ਕੁਸ਼ਟ ਨਿਵਾਰਣ ਪ੍ਰੋਗਰਾਮ ਤਹਿਤ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਤਹਿਤ ਅੱਜ ਕੁਸ਼ਟ ਆਸ਼ਰਮ ਵਿਚ ਰਹਿੰਦੇ 41 ਦੇ ਕਰੀਬ ਕੁਸ਼ਟ ਰੋਗੀ ਜੋ ਕਿ ਆਪਣਾ ਕੁਸ਼ਟ ਰੋਗ ਦਾ ਪੁਰਾ ਇਲਾਜ ਕਰਵਾ ਚੁੱਕੇ ਹਨ ਅਤੇ ਆਸ਼ਰਮ ਵਿਚ ਰਹਿ ਰਹੇ ਹਨ, ਨੂੰ ਜਖਮਾਂ ਦੀ ਦੇਖਭਾਲ ਕਰਨ ਲਈ ਜਿਲ੍ਹਾ ਸਿਹਤ ਵਿਭਾਗ ਵੱਲੋਂ ਸੁਪੋਰਟਿਵ ਦਵਾਈਆ ਜਿਹਨਾਂ ਵਿੱਚ ਪੱਟੀਆਂ, ਕਾੱਟਨ, ਐਂਟੀਬਾਇਓਟਿਕ, ਜੈਨਰਿਕ ਅਤੇ ਤਾਕਤ ਦੀਆਂ ਦਵਾਈਆਂ ਅਤੇ ਪੈਰਾ ਵਿੱਚ ਪਾਉਣ ਲਈ ਜੁੱਤੀਆਂ ਦੀ ਵੰਡ ਕੀਤੀ ਗਈ ।ਉਹਨਾਂ ਦੱਸਿਆ ਕਿ ਸਿਹਤ ਵਿਭਾਗ ਦੀ ਟੀਮ ਵੱਲੋ ਸਮੇਂ-ਸਮੇਂ ਤੇ ਆਸ਼ਰਮ ਵਿਚ ਰਹਿੰਦੇ ਲੋਕਾਂ ਦੀ ਦੇਖ ਰੇਖ ਕਰਨ ਲਈ ਆਸ਼ਰਮ ਦਾ ਦੋਰਾ ਕਰਕੇ ਉਹਨਾਂ ਦਾ ਹਾਲਚਲ ਪੁੱਛਿਆ ਜਾਂਦਾ ਹੈ ਅਤੇ ਮਹਿਕਮੇ ਵੱਲੋਂ ਲੋੜ ਮੁਤਾਬਕ ਕੁਸ਼ਟ ਰੋਗ ਪੀੜਤ ਮਰੀਜਾਂ ਨੂੰ ਅੰਗਹੀਣਤਾ ਸਰਟੀਫਿਕੇਟ ਵੀ ਜਾਰੀ ਕਰਵਾਏ ਜਾਂਦੇ ਹਨ, ਜਿਸ ਦੇ ਆਧਾਰ ਤੇ ਮਰੀਜਾਂ ਨੂੰ ਬੱਸ ਅਤੇ ਰੇਲ ਗੱਡੀ ਵਿਚ ਮੁਫਤ ਸਫਰ ਕਰਨ ਲਈ ਪਾਸ ਵੀ ਬਣਵਾ ਕੇ ਦਿੱਤੇ ਜਾਂਦ ਹਨ।

ਨੋਡਲ਼ ਅਫਸਰ ਡਾ. ਗੁਰਪ੍ਰੀਤ ਕੋਰ ਨੇਂ ਦੱਸਿਆ ਕਿ ਕੁਸ਼ਟ ਰੋਗ ਕੁਦਰਤ ਦੀ ਕਰੋਪੀ ਜਾਂ ਪੁਰਾਣੇ ਜਨਮਾਂ ਦਾ ਫਲ ਨਹੀ ਹੈ ਬਲਕਿ ਇਹ ਚਮੜੀ ਦਾ ਰੋਗ ਹੈ। ਜਿਹੜਾ ਕਿ ਵਿਸ਼ੇਸ਼ ਜੀਵਾਣੂ ਮਾਈਕਰੋਬੈਕਟੀਰੀਅਮ ਲੈਪਰਾ ਬੈਸੀਲਾਈ ਦੁਆਰਾ ਹੁੰਦਾ ਹੈ।ਇਸ ਬਿਮਾਰੀ ਦਾ ਸਹੀ ਸਮੇਂ ਅਤੇ ਸਹੀ ਇਲਾਜ ਕਰਵਾਉਣ ਨਾਲ ਸਰੀਰਿਕ ਤੌਰ ਤੇ ਹੋਣ ਵਾਲੀ ਅਪੰਗਤਾ ਅਤੇ ਕਰੂਪਤਾਂ ਤੋ ਬਚਿਆ ਜਾ ਸਕਦਾ ਹੈ ?ਉਹਨਾਂ ਕਿਹਾ ਕਿ ਬਿਮਾਰੀ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ, ਸਿਹਤ ਕੇਂਦਰਾਂ ਅਤੇ ਸਰਕਾਰੀ ਡਿਸਪੈਂਸਰੀਆਂ ਵਿੱਚ ਮਲਟੀ ਡਰੱਗ ਥਰੈਪੀ ਰਾਹੀਂ ਬਿਲਕੁੱਲ ਮੁਫਤ ਕੀਤਾ ਜਾਦਾ ਹੈ।

ਸ਼ਹਿਰ ਸੰਬੰਧੀ ਸਮੱਸਿਆਵਾਂ ਨੂੰ ਲੈ ਕੇ ਨਿਗਮ ਸੰਯੁਕਤ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

ਆਮ ਲੋਕਾਂ ਦੀਆਂ ਸਮੱਸਿਆਵਾਂ ਜਲਦ ਹੱਲ ਕਰਨ ਦੀ ਮੰਗ

ਪਟਿਆਲਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਸ਼ਹਿਰ ਦੇ ਕੁਝ ਵਾਰਡਾਂ ਦੀਆਂ ਪਾਣੀ, ਸੀਵਰੇਜ, ਸੜਕਾਂ, ਸਟਰੀਟ ਲਾਈਟਾਂ, ਸਫਾਈ ਸਬੰਧੀ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਟਕਸਾਲੀ ਆਗੂਆਂ ਨੇ ਨਗਰ ਨਿਗਮ ਪਟਿਆਲਾ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਨੂੰ ਮੰਗ ਪੱਤਰ ਦਿੱਤਾ। ਇਸ ਵਫ਼ਦ ਵਿੱਚ ਸੀਨੀਅਰ ਆਗੂ ਸੰਦੀਪ ਬੰਧੂ, ਰਾਜਿੰਦਰ ਮੋਹਨ, ਜਸਵਿੰਦਰ ਰਿੰਪਾ, ਅਮਿਤ ਵਿਕੀ ਜਿਲ੍ਹਾ ਪ੍ਰਧਾਨ ਸ਼ੋਸ਼ਲ ਮੀਡੀਆ, ਅਮਰਜੀਤ ਸਿੰਘ ਬਲਾਕ ਪ੍ਰਧਾਨ ਸ਼ਾਮਿਲ ਸਨ।

ਪ੍ਰੈਸ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਦੱਸਿਆ ਕਿ ਪਟਿਆਲਾ ਸ਼ਹਿਰੀ ਦੇ ਇਲਾਕਿਆਂ ਵਿੱਚ ਸਫਾਈ, ਸੀਵਰੇਜ ਜਾਮ, ਟੁੱਟੀਆਂ ਰੋਡ ਗੱਲੀਆਂ ਅਤੇ ਸਟਰੀਟ ਲਾਈਟਾਂ ਅਤੇ ਪਾਰਕਾਂ ਦਾ ਕੰਮ ਹੋਣ ਵਾਲਾ ਹੈ। ਪਾਰਟੀ ਦੇ ਸੀਨੀਅਰ ਆਗੂ ਸੰਦੀਪ ਬੰਧੂ ਵਲੋਂ ਦੱਸਿਆ ਗਿਆ ਵਾਰਡ ਨੰ: 49 ਵਿੱਚ ਪੁਰਾਣਾ ਲਾਲ ਬਾਗ ਇਲਾਕੇ ਵਿੱਚ ਸਟਰੀਟ ਲਾਈਟਾਂ ਕਾਫੀ ਖਰਾਬ ਪਈਆਂ ਹਨ। ਜਿਸ ਨਾਲ ਰਾਤ ਨੂੰ ਆਮ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਰਾਣਾ ਲਾਲ ਬਾਗ ਇਲਾਕੇ ਵਿੱਚ ਸੀਵਰੇਜ ਜਾਮ ਦੀ ਸਮੱਸਿਆ ਰਹਿੰਦੀ ਹੈ। ਦੋ ਜਗ੍ਹਾ ਉਪਰ ਨਵੇਂ ਸੀਵਰੇਜ ਮੇਨ ਹੋਲ ਬਣਾਉਣ ਦੀ ਲੋੜ ਹੈ। ਵਾਰਡ ਵਿੱਚ ਪੁਰਾਣਾ ਬੀ-ਟੈਂਕ ਪਾਰਕ ਨੂੰ ਨਵਾਂ ਬਣਾਉਣ ਲਈ ਕਾਫੀ ਸਮੇਂ ਤੋਂ ਐਸਟੀਮੇਟ ਪਾਸ ਕੀਤਾ ਹੋਇਆ, ਪਾਰਕ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕਰਵਾਇਆ ਜਾਏ। ਪਾਰਟੀ ਦੇ ਸੀਨੀਅਰ ਆਗੂ ਰਾਜਿੰਦਰ ਮੋਹਨ ਨੇ 22 ਨੰਬਰ ਫਾਟਕ ਪੁੱਲ ਦੇ ਨੀਚੇ ਸਟਰੀਟ ਲਾਈਟਾਂ ਠੀਕ ਕਰਵਾਉਣ ਅਤੇ ਸੜਕ ਰਿਪੇਅਰ ਦਾ ਕੰਮ ਕਰਵਾਉਣ ਲਈ ਕਮਿਸ਼ਨਰ ਨੂੰ ਬੇਨਤੀ ਕੀਤੀ। 22 ਨੰਬਰ ਫਾਟਕ ਤੋਂ 21 ਨੰਬਰ ਫਾਟਕ ਨੂੰ ਜਾਂਦੀ ਰੋਡ ਵਿੱਚ ਸੀਵਰੇਜ ਜਾਮ ਦੀ ਮੁਸ਼ਕਿਲ ਬਣੀ ਰਹਿੰਦੀ ਹੈ। ਸੀਵਰੇਜ ਲਾਈਨ ਨੂੰ ਸੁਪਰ ਸਕਿੰਗ ਮਸ਼ੀਨ ਨਾਲ ਸਾਫ ਕਰਵਾਇਆ ਜਾਏ। ਪਾਰਟੀ ਦੇ ਸੀਨੀਅਰ ਆਗੂ ਜਸਵਿੰਦਰ ਰਿੰਪਾ ਵਲੋਂ ਨਾਲੀਆਂ ਅਤੇ ਸੀਵਰੇਜ ਵਿੱਚ ਸੁੱਟੇ ਜਾਂਦੇ ਗੋਹੇ ਕਰਕੇ ਸੀਵਰੇਜ ਜਾਮ ਦੀ ਸਮੱਸਿਆ ਦਾ ਹੱਲ ਕੱਢਣ ਲਈ ਕਿਹਾ ਗਿਆ।

ਜਸਵਿੰਦਰ ਰਿੰਪਾ ਵਲੋਂ ਸ਼ਹਿਰ ਵਿੱਚ ਕਈ ਜਗ੍ਹਾ ਹੋ ਰਹੇ ਨਜਾਇਜ਼ ਕਬਜ਼ਿਆਂ ਬਾਰੇ ਵੀ ਸੰਯੁਕਤ ਕਮਿਸ਼ਨਰ ਨੂੰ ਦੱਸਿਆ ਗਿਆ। ਇਸ ਮੌਕੇ ਸ਼ੋਸ਼ਲ ਮੀਡੀਆ ਇੰਚਾਰਜ ਅਮਿਤ ਵਿਕੀ ਵਲੋਂ ਸੰਯੁਕਤ ਕਮਿਸ਼ਨਰ ਨੂੰ ਦੱਸਿਆ ਗਿਆ ਕਿ ਰਾਜਿੰਦਰ ਹਸਪਤਾਲ ਤੋਂ ਲੈ ਕੇ 23 ਨੰਬਰ ਫਾਟਕ ਤਕ ਜਾਂਦੀ ਬੰਡੂਗਰ ਰੋਡ ਦਾ ਕਾਫੀ ਬੁਰਾ ਹਾਲ ਹੈ, ਸੜਕ ਉਪਰ ਸਟਰੀਟ ਲਾਈਟਾਂ ਕਾਫੀ ਖਰਾਬ ਹਨ, ਸੜਕ ਕਾਫੀ ਜਗ੍ਹਾ ਤੋਂ ਟੁੱਟੀ ਹੋਈ ਹੈ, ਸੜਕ ਉਪਰ ਕਾਫੀ ਟੋਏ ਪਏ ਹੋਏ ਹਨ। ਰਾਤ ਨੂੰ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਬਲਾਕ ਪ੍ਰਧਾਨ ਅਮਰਜੀਤ ਸਿੰਘ ਵਲੋਂ ਸ਼ੇਰੇ-ਏ-ਪੰਜਾਬ ਮਾਰਕੀਟ ਰੋਡ ਉਪਰ ਸਟਰੀਟ ਲਾਈਟਾਂ ਸੰਬੰਧੀ ਸਮੱਸਿਆ ਅਤੇ ਸ਼ੇਰਾਂ ਵਾਲੇ ਗੇਟ ਵਿਖੇ ਸੀਵਰੇਜ ਜਾਮ ਦੀ ਸਮੱਸਿਆ ਵੱਲ ਸੰਯੁਕਤ ਕਮਿਸ਼ਨਰ ਦਾ ਧਿਆਨ ਦਵਾਇਆ।

ਇਸ ਮੌਕੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਨੇ ਪਾਰਟੀ ਦੇ ਟਕਸਾਲੀ ਆਗੂਆਂ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਕਿਹਾ ਕਿ ਉਹਨਾਂ ਵਲੋਂ ਆਮ ਲੋਕਾਂ ਦੇ ਜੋ ਵੀ ਮਸਲੇ ਉਹਨਾਂ ਦੇ ਧਿਆਨ ਵਿੱਚ ਲਿਆਂਦੇ ਗਏ ਹਨ, ਉਹਨਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਕੇ ਆਮ ਲੋਕਾਂ ਨੂੰ ਰਾਹਤ ਪਹੁੰਚਾਈ ਜਾਵੇਗੀ।

ਵਿਦਿਆਰਥੀਆਂ ਨੂੰ ਚੋਣ ਪ੍ਰਕਿਰਿਆ ਤੋਂ ਜਾਣੂ ਕਰਵਾਇਆ

ਸੁਨਾਮ ਊਧਮ ਸਿੰਘ ਵਾਲਾ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿੱਚ ਅੱਜ ਅਗਾਮੀ ਲੋਕ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੌਕੇ ਐੱਨ.ਐਸ. ਐਸ ਵਿਭਾਗ ਦੁਆਰਾ ਕਾਲਜ ਵਿਦਿਆਰਥੀਆਂ ਮੌਕ ਪੋਲ ਗਤੀਵਿਧੀ ਤਹਿਤ ਇੱਕ ਆਰਜੀ ਚੋਣ ਬੂਥ ਕੇਂਦਰ ਦਾ ਨਿਰਮਾਣ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਚੋਣ ਬੂਥ ਕੇਂਦਰ ਮੌਕ ਅਧਿਕਾਰੀ ਬਣਾਉਣ ਉਪਰੰਤ ਮੌਕ ਪੋਲ ਵਿਧੀ ਰਾਹੀਂ ਵਿਦਿਆਰਥੀਆਂ ਨੂੰ ਵੋਟ ਪਾਉਣ ਦੀ ਸਿਖਲਾਈ ਦਿੱਤੀ ਗਈ।

ਕਾਲਜ ਸਵੀਪ ਗਤੀਵਿਧੀਆਂ ਦੇ ਇੰਚਾਰਜ ਪ੍ਰੋਫ਼ੈਸਰ ਦਰਸ਼ਨ ਕੁਮਾਰ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਇੱਕ ਜ਼ਰੂਰੀ ਕਰਤੱਵ ਸਮਝਦੇ ਹੋਏ ਕਰਨੀ ਚਾਹੀਦੀ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਮੈਡਮ ਅਚਲਾ, ਐਨਐਸਐਸ ਪ੍ਰੋਗਰਾਮ ਅਫ਼ਸਰ ਪ੍ਰੋਫ਼ੈਸਰ ਚਮਕੌਰ ਸਿੰਘ, ਡਾ. ਮਨੀਤਾ ਜੋਸ਼ੀ, ਪ੍ਰੋ. ਦਲਜੀਤ ਸਿੰਘ, ਪ੍ਰੋ. ਪਰਮਿੰਦਰ ਕੌਰ, ਪ੍ਰੋ. ਪ੍ਰਭਜੀਤ ਕੌਰ ਹਾਜ਼ਰ ਸਨ।

ਡਾ. ਬਲਜੀਤ ਕੌਰ ਨੇ ਗੁਰੂ ਰਵਿਦਾਸ ਮੰਦਰ 'ਚ ਮੱਥਾ ਟੇਕਿਆ

ਮਲੋਟ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ 'ਤੇ ਕੱਢੀ ਗਈ ਸ਼ੋਭਾ ਯਾਤਰਾ 'ਚ ਜਿਥੇ ਵੱਡੀ ਗਿਣਤੀ ਸ਼ਰਧਾਲੂਆਂ ਤੇ ਹੋਰ ਸ਼ਖ਼ਸੀਆਂ ਨੇ ਹਾਜ਼ਰੀ ਲਵਾਈ, ਉਥੇ ਕੈਬਿਨਟ ਮੰਤਰੀ ਡਾ. ਬਲਜੀਤ ਕੌਰ ਨੇ ਵੀ ਇਸ ਯਾਤਰਾ 'ਚ ਸ਼ਮੂਲੀਅਤ ਕੀਤੀ ਅਤੇ ਰਵਿਦਾਸ ਮੰਦਰ ਵਿੱਚ ਮੱਥਾ ਟੇਕਿਆ। ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਸਾਰਾ ਜੀਵਨ ਹੀ ਪ੍ਰੇਰਨਾ ਸਰੋਤ ਹੈ। ਉਨ੍ਹਾਂ ਲੁਕਾਈ ਨੂੰ ਹੱਥੀਂ ਕਿਰਤ ਕਰਨ ਦਾ ਸੁਨੇਹਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸ਼ੋਭਾ ਯਾਤਰਾ ਵਿਚ ਹਾਜ਼ਰੀ ਲਵਾ ਕੇ ਬਹੁਤ ਖੁਸ਼ੀ ਮਹਿਸੂਸ ਹੋਈ। ਦੱਸਣਯੋਗ ਹੈ ਕਿ

ਮਲੋਟ ਸ਼ਹਿਰ ਵਿਚ ਬਹੁਤ ਵੱਡੀ ਗਿਣਤੀ 'ਚ ਸ਼ਰਧਾਲੂ ਰਹਿੰਦੇ ਹਨ ਅਤੇ ਇਸ ਦਿਹਾੜੇ ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ, ਜਿਸ ਵਿਚ ਸਾਰੇ ਭਾਈਚਾਰੇ ਹੀ ਸਤਿਕਾਰ ਸਹਿਤ ਸ਼ਿਰਕਤ ਕਰਦੇ ਹਨ ਅਤੇ ਰਵਿਦਾਸ ਮੰਦਰ ਵਿਚ ਨਤ-ਮਸਤਕ ਹੁੰਦੇ ਹਨ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਰਕੇਸ਼ ਕੁਮਾਰ ਬੰਟੀ, ਓਮ ਪ੍ਰਕਾਸ਼, ਇੰਦਰਾਜ, ਸਤਪਾਲ, ਰਮੇਸ਼ ਅਰਨੀਵਾਲਾ, ਜੌਨੀ ਗਰਗ ਅਤੇ ਗਗਨਦੀਪ ਸਿੰਘ ਅੱਲਖ ਆਦਿ ਹਾਜ਼ਰ ਸਨ।

ਮੋਹਾਲੀ ਦੇ ਤਿੰਨ ਸਰਕਾਰੀ ਸਕੂਲਾਂ ਨੂੰ ਮਿਲਿਆ ਸਰਵੋਤਮ ਇਨਾਮ, ਮਿਲਣਗੇ ਲੱਖਾਂ ਰੁਪਏ

ਮੁਹਾਲੀ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਵਿਭਾਗ ਵੱਲੋਂ ਜੋ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿਚੋਂ ਸਰਵੋਤਮ ਸਕੂਲਾਂ ਦੀ ਚੋਣ ਕੀਤੀ ਗਈ ਹੈ, ਉਨ੍ਹਾਂ ਵਿਚ ਮੋਹਾਲੀ ਜ਼ਿਲ੍ਹੇ ਦੇ ਤਿੰਨ ਸਕੂਲ ਵੀ ਸ਼ਾਮਲ ਹਨ। ਇਨ੍ਹਾਂ ਸਕੂਲਾਂ ਵਿਚ ਸਰਕਾਰੀ ਮਿਡਲ ਸਕੂਲ ਝੰਡੇ ਮਾਜਰਾ, ਸ਼ਹੀਦ ਸੂਬੇਦਾਰ ਬਲਵੀਰ ਸਿੰਘ ਸਰਕਾਰੀ ਹਾਈ ਸਕੂਲ ਦੱਪਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨੌਲੀ ਦੇ ਨਾਂ ਸ਼ਾਮਲ ਹਨ। ਇਨ੍ਹਾਂ ਸਕੂਲਾਂ ਨੂੰ ਸਿੱਖਿਆ ਵਿਭਾਗ ਵੱਲੋਂ 22.5 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਸਰਕਾਰੀ ਸਕੂਲ ਝੰਡੇ ਮਾਜਰਾ ਨੂੰ 5 ਲੱਖ, ਸਰਕਾਰੀ ਸਕੂਲ ਦੱਪਰ ਨੂੰ 7.5 ਲੱਖ ਅਤੇ ਸਰਕਾਰੀ ਸਕੂਲ ਮਨੌਲੀ ਨੂੰ 10 ਲੱਖ ਰੁਪਏ ਦੀ ਇਨਾਮੀ ਰਾਸ਼ੀ ਮਿਲੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਸਿੱਖਿਆ ਵਿਭਾਗ ਪੰਜਾਬ ਵੱਲੋਂ ਪੰਜਾਬ ਭਰ ਦੇ ਜੋ ਸਰਵੋਤਮ ਸਕੂਲ ਚੁਣੇ ਗਏ ਹਨ, ਉਨ੍ਹਾਂ ਨੂੰ 6 ਕਰੋੜ 75 ਲੱਖ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ। ਸਿੱਖਿਆ ਵਿਭਾਗ ਵੱਲੋਂ ਸਬੰਧਿਤ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਇਹ ਰਾਸ਼ੀ ਭੇਜ ਦਿੱਤੀ ਗਈ ਹੈ। ਜੋ ਕਿ ਅੱਗੋਂ ਆਪੋ ਆਪਣੇ ਜ਼ਿਲ੍ਹੇ ਦੇ ਚੁਣੇ ਗਏ ਸਕੂਲਾਂ ਨੂੰ ਇਹ ਰਾਸ਼ੀ ਵੰਡਣਗੇ। ਇਹ ਇਨਾਮ ਬਿਹਤਰੀਨ ਨਤੀਜੇ ਸਾਫ ਸਫਾਈ ਅਤੇ ਪ੍ਰਬੰਧਨ ਨੂੰ ਲੈ ਕੇ ਦਿੱਤੇ ਗਏ ਹਨ। ਮੋਹਾਲੀ ਦੇ ਸਕੂਲਾਂ ਵਿਚ ਨਤੀਜਾ ਚੰਗਾ ਰਿਹਾ, ਸਕੂਲਾਂ ਦਾ ਇੰਫਰਾਸਟ੍ਰਕਚਰ ਸਹੀ ਪਾਇਆ ਗਿਆ, ਸਾਫ ਸਫਾਈ ਠੀਕ ਮਿਲੀ, ਗੁਸਲਖਾਨੇ ਸਾਫ ਪਾਏ ਗਏ, ਬੱਚਿਆਂ ਦੇ ਲਈ ਸਕੂਲ ਵਿਚ ਖੇਡਾਂ ਨੂੰ ਹੁਲਾਰਾ ਦਿੱਤਾ ਜਾ ਰਿਹਾ ਸੀ, ਬੱਚਿਆਂ ਨੂੰ ਪੜ੍ਹਾਈ ਚੰਗੀ ਕਰਵਾਈ ਗਈ ਅਤੇ ਬੱਚਿਆਂ ਦੀ ਹਾਜ਼ਰੀ ਸਕੂਲ ਵਿਚ ਚੰਗੀ ਪਾਈ ਗਈ, ਜਿਸ ਕਰਕੇ ਇਨ੍ਹਾਂ ਸਕੂਲਾਂ ਦੀ ਇਨਾਮ ਲਈ ਚੋਣ ਕੀਤੀ ਗਈ।

ਦੋ ਮੁਲਜ਼ਮ ਚੋਰੀ ਦੇ ਸਾਮਾਨ ਸਣੇ ਕਾਬੂ

ਸਮਾਣਾ, 27 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਦਰ ਪੁਲੀਸ ਨੇ ਦੋ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚੋਰੀ ਕੀਤਾ ਸਾਮਾਨ ਬਰਾਮਦ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਦਰ ਪੁਲੀਸ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਪਿੰਡ ਕਮਾਸਪੁਰ ਦੇ ਅਮੀਰ ਸਿੰਘ ਨੇ ਜਨਵਰੀ ਮਹੀਨੇ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਕੁਝ ਅਣਪਛਾਤੇ ਵਿਅਕਤੀ ਉਸ ਦੇ ਘਰ ਅੱਗੇ ਖੜ੍ਹੀ ਟਰਾਲੀ ਚੋਰੀ ਕਰਕੇ ਲੈ ਗਏ ਹਨ।

ਇਸ ਮਗਰੋਂ ਪੁਲੀਸ ਵੱਲੋਂ ਕੀਤੀ ਗਈ ਜਾਂਚ ਦੌਰਾਨ ਦਲਵੀਰ ਰਾਮ ਵਾਸੀ ਪਿੰਡ ਖੜਕਾਂ ਜ਼ਿਲ੍ਹਾ ਕੈਥਲ (ਹਰਿਆਣਾ), ਭੋਲਾ ਸਿੰਘ ਵਾਸੀ ਪਿੰਡ ਮੌਜੀਆ, ਜ਼ਿਲ੍ਹਾ ਮਾਨਸਾ ਨੂੰ ਇੱਕ ਟਰਾਲੀ, ਇੱਕ ਛੋਟਾ ਹਾਥੀ ਤੇ ਇੱਕ ਟਰੈਕਟਰ ਸਣੇ ਪਿੰਡ ਰਤਨਹੇੜੀ ਘੱਗਰ ਪੁੱਲ 'ਤੋਂ ਨਾਕਾਬੰਦੀ ਦੌਰਾਨ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਥਾਣਾ ਪਾਤੜਾਂ ਵਿੱਚ ਚੋਰੀ ਦਾ ਕੇਸ ਦਰਜ ਹੈ।

ਪੈਨਸ਼ਨ ਹੋਮ ਦਾ ਕਬਜ਼

ਸਹੁਰਿਆਂ ਦੇ 26 ਲੱਖ ਰੁਪਏ ਖਰਚ ਕਰਵਾ ਕੇ ਵਿਦੇਸ਼ ਗਈ ਪਤਨੀ, ਪਿੱਛੋਂ ਪਤੀ ਨੂੰ ਬੁਲਾਉਣ ਤੋਂ ਮੁੱਕਰੀ

ਲੁਧਿਆਣਾ 27 ਫਰਵਰੀ। ਆਏ ਦਿਨ ਵਿਦੇਸ਼ ਜਾ ਕੇ ਆਪਣੇ ਪਤੀ ਜਾਂ ਪਤਨੀ ਨੂੰ ਨਾ ਬੁਲਾਉਣ ਦੀਆਂ ਖਬਰਾਂ ਸਾਹਮਣੇ ਆਉਂਦੀਆਂ ਹੀ ਰਹਿੰਦੀਆਂ ਹਨ। ਅਜਿਹਾ ਹੀ ਇਕ ਮਾਮਲਾ ਸਾਹਮਣੇ ਆਇਆ ਹੈ ਲੁਧਿਆਣਾ ਤੋਂ, ਜਿੱਥੇ ਆਸਟ੍ਰੇਲੀਆ ਲਿਜਾਣ ਦਾ ਝਾਂਸਾ ਦੇ ਕੇ ਪਤੀ ਦੇ 26.5 ਲੱਖ ਰੁਪਏ ਖਰਚ ਕਰਵਾ ਕੇ ਔਰਤ ਵਿਦੇਸ਼ ਚਲੀ ਗਈ ਅਤੇ ਉੱਥੇ

ਜਾ ਕੇ ਪਤੀ ਨੂੰ ਬੁਲਾਉਣ ਤੋਂ ਮੁੱਕਰ ਗਈ। ਥਾਣਾ ਜਮਾਲਪੁਰ ਦੀ ਪੁਲਸ ਨੇ ਇਸ ਮਾਮਲੇ 'ਚ ਭਾਮੀਆਂ ਕਲਾਂ ਦੇ ਰਹਿਣ ਵਾਲੇ ਜਸਵਿੰਦਰ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਪਤਨੀ ਅਤੇ ਸੱਸ-ਸਹੁਰੇ 'ਤੇ ਧੋਖਾਦੇਹੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਗਿਆਸਪੁਰਾ ਦੀ ਰਹਿਣ ਵਾਲੀ ਸਿਮਰਨਜੀਤ ਕੌਰ, ਉਸ ਦੇ ਪਿਤਾ ਪਰਵਿੰਦਰ ਸਿੰਘ ਅਤੇ ਮਾਂ ਬਲਜਿੰਦਰ ਕੌਰ ਵਜੋਂ ਹੋਈ ਹੈ। ਜਾਂਚ ਅਫਸਰ ਐੱਸ.ਆਈ. ਰਜਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਬਿਆਨ ਦਰਜ ਕਰਵਾਇਆ ਹੈ ਕਿ ਉਸ ਦਾ ਬੇਟਾ ਸੌਦਾਗਰ ਸਿੰਘ ਆਸਟ੍ਰੇਲੀਆ ਜਾਣਾ ਚਾਹੁੰਦਾ ਸੀ। ਮੁਲਜ਼ਮਾਂ ਨੇ ਕਿਹਾ ਕਿ ਉਨ੍ਹਾਂ ਦੀ ਬੇਟੀ ਸਿਮਰਨਜੀਤ ਕੌਰ ਨੇ ਆਈਲੈਟਸ ਕੀਤੀ ਹੈ। ਉਨ੍ਹਾਂ ਨੇ ਆਪਣੀ ਬੇਟੀ ਦਾ ਫਰਜ਼ੀ ਵਿਆਹ ਸੌਦਾਗਰ ਸਿੰਘ ਨਾਲ ਕਰਵਾ ਕੇ ਲਗਭਗ 26 ਲੱਖ 51 ਹਜ਼ਾਰ 905 ਰੁਪਏ ਹੜੱਪ ਲਏ। ਇਸ ਦੇ ਬਾਵਜੂਦ ਸਿਮਰਨਜੀਤ ਨੇ ਨੌਜਵਾਨ ਨੂੰ ਆਸਟ੍ਰੇਲੀਆ ਨਹੀਂ ਬੁਲਾਇਆ। ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਨੇ ਜਾਂਚ ਉਪਰੰਤ ਕੇਸ ਦਰਜ ਕੀਤਾ ਹੈ।

ਸੰਗਰੂਰ ਦੇ ਲੋਕਾਂ ਲਈ ਰਾਹਤ ਭਰੀ ਖਬਰ

ਸੰਗਰੂਰ 27 ਫਰਵਰੀ। ਕਿਸਾਨ ਅੰਦੋਲਨ ਦੇ ਦਰਮਿਆਨ ਸੰਗਰੂਰ ਦੇ ਖਨੌਰੀ ਬਾਰਡਰ ਦੇ ਨਾਲ ਲੱਗਦੇ ਇਲਾਕਿਆਂ 'ਚ ਇੰਟਰਨੈੱਟ ਸੇਵਾਵਾਂ ਨੂੰ ਬਹਾਲ ਕਰ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਇਲਾਕਾ ਵਾਸੀਆਂ ਨੇ ਸੁੱਖ ਦਾ ਸਾਹ ਲਿਆ ਹੈ। ਸੁਨਾਮ, ਲਹਿਰਗਾਗਾ, ਛਾਜਲੀ, ਖਨੌਰੀ ਅਤੇ ਪਾਤੜਾਂ ਖੇਤਰਾਂ 'ਚ ਕਿਸਾਨੀ ਅੰਦੋਲਨ ਕਾਰਨ ਇੰਟਰਨੈੱਟ ਸੇਵਾ ਬੰਦ ਕੀਤੀ ਗਈ ਸੀ, ਜਿਸ ਨੂੰ ਮੁੜ ਬਹਾਲ ਕਰ ਦਿੱਤਾ ਗਿਆ ਹੈ। ਇੱਥੇ 12 ਫਰਵਰੀ ਦੀ ਰਾਤ ਤੋਂ ਇੰਟਰਨੈੱਟ ਸੇਵਾਵਾਂ ਬੰਦ ਕੀਤੀਆਂ ਗਈਆਂ ਸਨ। ਦੱਸਣਯੋਗ ਹੈ ਕਿ ਇੰਟਰਨੈੱਟ ਬੰਦ ਹੋਣ ਕਾਰਨ ਲੋਕਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਲੋਕਾਂ ਨੇ ਸਰਕਾਰੀ ਨੂੰ ਇੰਟਰਨੈੱਟ ਬਹਾਲ ਕਰਨ ਦੀ ਅਪੀਲ ਕੀਤੀ ਸੀ

ਆਮਰਪਾਲੀ ਦੇ ਘਰ ਖਰੀਦਣ ਵਾਲਿਆਂ ਲਈ ਖੁਸਖਬਰੀ, ਇਸ ਤਰੀਖ ਤੱਕ ਮਿਲ ਜਾਣਗੇ ਖਰੀਦਦਾਰਾਂ ਨੂੰ ਫਲੈਟ

ਕਿਸ਼ਨ ਪਾਲ

ਨਵੀਂ ਦਿੱਲੀ 27 ਫਰਵਰੀ। ਆਮਰਪਾਲੀ ਪ੍ਰਾਜੈਕਟ ਦੇ ਹਜਾਰਾਂ ਘਰ ਖਰੀਦਣ ਵਾਲਿਆਂ ਲਈ ਖੁਸਖਬਰੀ ਦੀ ਖਬਰ ਸਾਹਮਣੇ ਆਈ ਹੈ। ਆਮਰਪਾਲੀ ਦੇ ਸਾਰੇ ਪ੍ਰਾਜੈਕਟ 31 ਮਾਰਚ 2025 ਤੱਕ ਤਿਆਰ ਹੋ ਜਾਣਗੇ। ਨੈਸਨਲ ਬਿਲਡਿੰਗਜ ਕੰਸਟਰਕਸਨ ਕਾਰਪੋਰੇਸਨ (ਐਨਬੀਸੀਸੀ) ਨੇ ਆਪਣੀ ਸਮਾਂ ਸੀਮਾ ਤੈਅ ਕਰ ਦਿੱਤੀ ਹੈ। ਵੀਰਵਾਰ ਨੂੰ ਦਿੱਲੀ 'ਚ ਹੋਈ ਪ੍ਰੈੱਸ ਕਾਨਫਰੰਸ 'ਚ ਨੇ ਦੱਸਿਆ ਕਿ ਉਨ੍ਹਾਂ ਨੂੰ ਆਮਰਪਾਲੀ 'ਚ 38 ਹਜਾਰ ਫਲੈਟ ਤਿਆਰ ਕਰਨੇ ਸਨ, ਜਿਨ੍ਹਾਂ 'ਚੋਂ 16 ਹਜਾਰ ਫਲੈਟ ਤਿਆਰ ਹੋ ਚੁੱਕੇ ਹਨ। ਬਾਕੀ ਰਹਿੰਦੇ 22 ਹਜਾਰ ਫਲੈਟ ਅਗਲੇ ਇੱਕ ਸਾਲ ਵਿੱਚ ਤਿਆਰ ਕਰ ਲਏ ਜਾਣਗੇ। ਦੱਸ ਦੇਈਏ ਕਿ ਇਸ ਦੌਰਾਨ ਆਮਰਪਾਲੀ ਦੇ ਕੋਰਟ ਰਿਸੀਵਰ ਆਰ ਵੈਂਕਟ ਰਮਾਨੀ ਨੇ ਕਿਹਾ ਕਿ ਹੁਣ ਫੰਡਾਂ ਦੀ ਸਮੱਸਿਆ ਕਾਰਨ ਕੋਈ ਰੁਕਾਵਟ ਨਹੀਂ ਬਣੇਗੀ। ਐਡੀਸਨਲ ਫਲੋਰ ਏਰੀਆ ਰੇਸੋ (ਐੱਫ.ਏ.ਆਰ.) ਨੂੰ ਮਨਜੂਰੀ ਮਿਲਣ ਨਾਲ ਫੰਡਿੰਗ ਦੀ ਅੜਚਨ ਦੂਰ ਹੋ ਗਈ ਹੈ, ਜਿਸ ਕਾਰਨ ਹੁਣ ਸਾਰੇ ਪ੍ਰਾਜੈਕਟਾਂ 'ਤੇ ਕੰਮ ਇਕ ਸਾਲ 'ਚ ਪੂਰੀ ਰਫਤਾਰ ਨਾਲ ਪੂਰਾ ਹੋ ਜਾਵੇਗਾ। ਉਹਨਾਂ ਨੇ ਕਿਹਾ ਕਿ ਇੱਕ ਸਾਲ ਦੇ ਅੰਦਰ ਅਸੀਂ ਉਨ੍ਹਾਂ ਦੇ ਘਰ ਤਿਆਰ ਕਰਵਾ ਕੇ ਸਾਰੇ ਖਰੀਦਦਾਰਾਂ ਨੂੰ ਦੇ ਸਕਦੇ ਹਾਂ। ਜੁਲਾਈ 2019 ਵਿੱਚ ਆਮਰਪਾਲੀ ਦੇ ਪ੍ਰਾਜੈਕਟਾਂ ਨੂੰ ਦੁਆਰਾ ਪੂਰਾ ਕਰਨ ਦੀ ਜਿੰਮੇਵਾਰੀ ਕੋਰਟ ਰਿਸੀਵਰ ਨੂੰ ਦਿੱਤੀ ਗਈ ਸੀ। ਤਿੰਨ ਸਾਲਾਂ ਵਿੱਚ 38 ਹਜਾਰ ਫਲੈਟ ਤਿਆਰ ਕੀਤੇ ਜਾਣ ਸਨ ਪਰ ਕੋਰੋਨਾ ਦੀ ਮਾਰ ਅਤੇ ਸਮੇਂ ਸਿਰ ਫੰਡ ਨਾ ਮਿਲਣ ਕਾਰਨ ਸਾਢੇ ਚਾਰ ਸਾਲਾਂ ਵਿੱਚ ਸਿਰਫ 16 ਹਜਾਰ ਫਲੈਟ ਤਿਆਰ ਕੀਤੇ ਜਾ ਸਕੇ ਹਨ। ਤੁਹਾਨੂੰ ਦੱਸ ਦੇਈਏ ਕਿ ਹਾਲ ਹੀ ਵਿੱਚ ਗ੍ਰੇਟਰ ਨੋਇਡਾ ਅਥਾਰਟੀ ਦੁਆਰਾ ਪਿਛਲੇ ਦਿਨਾਂ ਆਮਰਪਾਲੀ ਦੇ ਗ੍ਰੇਟਰ ਨੋਇਡਾ ਵਿੱਚ ਪੰਜ ਪ੍ਰਾਜੈਕਟਾਂ ਵਿੱਚ ਵਾਧੂ ਐੱਫ.ਏ.ਆਰ. ਨੂੰ ਮਨਜੂਰੀ ਮਿਲ ਗਈ ਸੀ। ਹੁਣ ਕਰੀਬ 13 ਹਜਾਰ ਵਾਧੂ ਫਲੈਟ ਬਣਾ ਕੇ ਵੇਚ ਸਕਦੀ ਹੈ। ਇਨ੍ਹਾਂ 13 ਹਜਾਰ ਫਲੈਟਾਂ ਨੂੰ ਬਣਾਉਣ 'ਤੇ ਲਗਭਗ 10 ਹਜਾਰ ਕਰੋੜ ਰੁਪਏ ਦਾ ਖਰਚ ਹੋਣ ਦਾ ਅੰਦਾਜਾ ਹੈ, ਜਦੋਂ ਕਿ ਇਨ੍ਹਾਂ ਨੂੰ ਵੇਚਣ ਤੋਂ ਬਾਅਦ ਲਗਭਗ 16-18 ਹਜਾਰ ਕਰੋੜ ਰੁਪਏ ਦੇ ਫੰਡ ਉਪਲਬਧ ਹੋ ਸਕਦੇ ਹਨ। ਇਸ ਦਾ ਮਤਲਬ ਹੈ ਕਿ ਉਸਾਰੀ ਲਾਗਤ ਅਤੇ ਹੋਰ ਖਰਚੇ ਕੱਢਣ ਤੋਂ ਬਾਅਦ ਵੀ ਲਗਭਗ 5-7 ਹਜਾਰ ਕਰੋੜ ਰੁਪਏ ਦਾ ਫੰਡ ਬਚ ਜਾਵੇਗਾ। ਇਸ ਫੰਡ ਦੀ ਵਰਤੋਂ ਇਨ੍ਹਾਂ ਅਧੂਰੇ ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ ਕੀਤੀ ਜਾ ਸਕਦੀ ਹੈ। ਸੁਰੂ ਵਿੱਚ ਬੈਂਕਾਂ ਤੋਂ ਪੈਸੇ ਲਏ ਜਾਣਗੇ ਅਤੇ ਫਿਰ ਨਵੇਂ ਫਲੈਟਾਂ ਦੀ ਵਿਕਰੀ ਤੋਂ ਬਾਅਦ ਜੋ ਪੈਸਾ ਆਵੇਗਾ ਉਹ ਬੈਂਕਾਂ ਨੂੰ ਵਾਪਸ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਨੋਇਡਾ ਅਥਾਰਟੀ ਤੋਂ ਵਾਧੂ ਐੱਫ.ਏ.ਆਰ. ਦੀ ਮੰਗ ਵੀ ਜਲਦੀ ਪ੍ਰਾਪਤ ਹੋਣ ਦੀ ਉਮੀਦ ਹੈ। ਇਨ੍ਹਾਂ ਦੋਵਾਂ ਐੱਫ.ਏ.ਆਰਜ ਦੀ ਪ੍ਰਾਪਤੀ ਨਾਲ ਫੰਡਾਂ ਲਈ ਰਾਹ ਪੱਧਰਾ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਪਿਛਲੇ ਪੰਜ ਸਾਲਾਂ ਵਿੱਚ ਹੁਣ ਤੱਕ 7 ਹਜਾਰ ਖਰੀਦਦਾਰ ਦੀ ਰਜਿਸਟਰ ਆਮਰਪਾਲੀ ਦੇ ਪ੍ਰਾਜੈਕਟਾਂ ਵਿੱਚ ਹੋ ਸਕਦੀ ਹੈ। ਇਨ੍ਹਾਂ ਵਿੱਚ ਉਹ

ਖਰੀਦਦਾਰ ਵੀ ਸਾਮਲ ਹਨ, ਜੋ ਪ੍ਰਾਜੈਕਟ ਤੋਂ ਪਹਿਲਾਂ ਆਪਣੇ ਘਰਾਂ ਵਿੱਚ ਰਹਿ ਰਹੇ ਸਨ ਅਤੇ ਉਹ ਵੀ ਸਾਮਲ ਹਨ, ਜਿਨ੍ਹਾਂ ਨੂੰ ਉਸ ਤੋਂ ਬਾਅਦ ਮਕਾਨ ਮਿਲਿਆ ਸੀ। 12 ਹਜਾਰ ਖਰੀਦਦਾਰ ਪਹਿਲਾਂ ਹੀ ਆਪਣੇ ਘਰਾਂ ਵਿੱਚ ਰਹਿ ਰਹੇ ਸਨ ਅਤੇ 6 ਹਜਾਰ ਬਾਅਦ ਵਿੱਚ ਮਿਲ ਗਏ। ਇਸ ਦੀ ਰਫਤਾਰ ਮੱਠੀ ਹੋਣ ਕਾਰਨ ਹੁਣ ਤਸਦੀਕ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਡਿਜੀਟਲ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਲੋਕਾਂ ਨੂੰ ਰਿਸੀਵਰ ਦੇ ਦਫਤਰ ਨਹੀਂ ਜਾਣਾ ਪਵੇਗਾ। ਪਿਛਲੇ ਸਾਢੇ ਚਾਰ ਸਾਲਾਂ ਵਿੱਚ ਐੱਨਬੀਸੀਸੀ ਨੇ 16 ਹਜਾਰ ਫਲੈਟ ਤਿਆਰ ਕਰਕੇ ਕੋਰਟ ਰਿਸੀਵਰ ਨੂੰ ਸੌਂਪੇ ਹਨ ਪਰ ਇਨ੍ਹਾਂ ਵਿੱਚੋਂ ਸਿਰਫ 6 ਹਜਾਰ ਫਲੈਟ ਹੀ ਸੌਂਪੇ ਗਏ ਹਨ। ਬਾਕੀ 10 ਹਜਾਰ ਤਿਆਰ ਹੋਣ ਤੋਂ ਬਾਅਦ ਵੀ ਹਵਾਲੇ ਨਹੀਂ ਕੀਤੇ ਗਏ। ਖਰੀਦਦਾਰਾਂ ਦਾ ਦੋਸ ਹੈ ਕਿ ਉਨ੍ਹਾਂ ਦੇ ਕੇਸਾਂ ਵਿੱਚ ਫੈਸਲੇ ਲੈਣ ਵਿੱਚ ਕਾਫੀ ਸਮਾਂ ਬਰਬਾਦ ਕੀਤਾ ਜਾ ਰਿਹਾ ਹੈ। ਵਿਵਾਦਿਤ ਮਾਮਲਿਆਂ ਵਿੱਚ ਵੀ ਫੈਸਲਾ ਲੈਣ ਦੀ ਸਮਾਂ ਸੀਮਾ ਹੋਣੀ ਚਾਹੀਦੀ ਹੈ। ਬਿਨਾਂ ਵਿਵਾਦ ਦੇ ਮਾਮਲਿਆਂ ਵਿੱਚ ਵੀ ਖਰੀਦਦਾਰਾਂ ਨੂੰ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟੀਮਾਂ ਵਿਚਕਾਰ ਆਪਸੀ ਤਾਲਮੇਲ ਦੀ ਘਾਟ ਉਨ੍ਹਾਂ ਦੇ ਦਸਤਾਵੇਜਾਂ ਦੀ ਤਸਦੀਕ ਕਰਵਾਉਣ ਵਿੱਚ ਇੱਕ ਵੱਡੀ ਰੁਕਾਵਟ ਬਣੀ ਹੋਈ ਹੈ। ਦੋਹਰੀ ਅਲਾਟਮੈਂਟ ਦੇ ਮਾਮਲਿਆਂ ਵਿੱਚ ਲੋਕ ਸਭ ਤੋਂ ਵੱਧ ਪ੍ਰੇਸਾਨ ਮਹਿਸੂਸ ਕਰ ਰਹੇ ਹਨ। ਕਈ ਅਜਿਹੇ ਖਰੀਦਦਾਰ ਸਾਹਮਣੇ ਆ ਰਹੇ ਹਨ, ਜੋ 150-200 ਵਾਰ ਕੋਰਟ ਰਿਸੀਵਰ ਦੇ ਦਫਤਰ ਜਾ ਚੁੱਕੇ ਹਨ ਪਰ ਫਿਰ ਵੀ ਉਨ੍ਹਾਂ ਦੇ ਕੇਸਾਂ ਦਾ ਕੋਈ ਫੈਸਲਾ ਨਹੀਂ ਹੋ ਰਿਹਾ। ਇਹੀ ਕਾਰਨ ਹੈ ਕਿ 10 ਹਜਾਰ ਫਲੈਟ ਤਿਆਰ ਹੋਣ ਦੇ ਬਾਵਜੂਦ ਹੈਂਡਓਵਰ ਨਹੀਂ ਕੀਤੇ ਗਏ।

12ਵੀਂ ਦੀ ਪ੍ਰੀਖਿਆ ਨੂੰ ਲੈ ਕੇ ਵਿਦਿਆਰਥੀ ਤੇ ਮਾਪੇ ਪਰੇਸ਼ਾਨ

ਲੁਧਿਆਣਾ 27 ਫਰਵਰੀ। ਪੰਜਾਬ 'ਚ 12ਵੀਂ ਜਮਾਤ ਦੇ ਰਾਜਨੀਤੀ ਸ਼ਾਸਤਰ ਦੇ ਪੇਪਰ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਇਕ ਪੱਤਰ ਲਿਖਿਆ ਗਿਆ ਹੈ। ਇਸ 'ਚ 12ਵੀਂ ਜਮਾਤ ਦੇ ਰਾਜਨੀਤੀ ਸ਼ਾਸਤਰ ਦੇ ਪੇਪਰ ਨੂੰ ਲੈ ਕੇ ਚਰਚਾ ਕੀਤੀ ਗਈ ਹੈ, ਜੋ ਬੀਤੇ ਦਿਨ 22 ਫਰਵਰੀ ਨੂੰ ਲਿਆ ਗਿਆ ਸੀ। ਪੇਪਰ ਦੇਣ ਤੋਂ ਬਾਅਦ 12ਵੀਂ ਦੇ ਵਿਦਿਆਰਥੀਆਂ ਦੇ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਤਾਂ ਵਿਦਿਆਰਥੀ ਮਾਨਸਿਕ ਤੌਰ 'ਤੇ ਕਾਫੀ ਪਰੇਸ਼ਾਨ ਨਜਰ ਆਏ ਅਤੇ ਨਾਲ ਹੀ ਮਾਪੇ ਵੀ ਨਿਰਾਸ਼ ਦਿਖੇ। ਮਾਪਿਆਂ ਨੇ ਕਿਹਾ ਕਿ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਤੁਹਾਨੂੰ ਦੱਸ ਦੇਈਏ ਕਿ ਪੇਪਰ ਦਾ ਅਧਿਐਨ ਕਰਨ ਤੋਂ ਬਾਅਦ ਇਕ ਸਕੂਲ ਦੇ ਪ੍ਰਿੰਸੀਪਲ ਅਤੇ ਉਸ ਦੇ ਤਿੰਨ ਸਾਥੀ ਇਸ ਨਤੀਜੇ 'ਤੇ ਪੁੱਜੇ ਕਿ ਰਾਜਨੀਤੀ ਸ਼ਾਸਤਰ ਦਾ ਜੋ ਪੇਪਰ ਆਇਆ, ਉਹ ਕਿਸੇ ਵੀ ਤਰ੍ਹਾਂ ਵਿਦਿਆਰਥੀਆਂ ਦੇ ਪੱਧਰ ਦਾ ਨਹੀਂ ਸੀ। ਉਹ

ਕਾਲਜ ਅਤੇ ਯੂਨੀਵਰਸਿਟੀ ਦਾ ਪੇਪਰ ਲੱਗ ਰਿਹਾ ਸੀ, ਜਿਸ ਨੂੰ ਲੈ ਕੇ ਸਿੱਖਿਆ ਮੰਤਰੀ ਨੂੰ ਅਪੀਲ ਕੀਤੀ ਗਈ ਹੈ ਕਿ ਵਿਦਿਆਰਥੀਆਂ ਨੂੰ ਉਕਤ ਵਿਸ਼ੇ 'ਤੇ 15 ਤੋਂ 20 ਅੰਕਾਂ ਦੇ ਗ੍ਰੇਸ ਮਾਰਕਿੰਗ ਦਿੱਤੀ ਜਾਵੇ ਤਾਂ ਜੋ ਬੱਚੇ ਪਾਸ ਹੋ ਸਕਣ ਅਤੇ ਉਨ੍ਹਾਂ ਦਾ ਪੂਰਾ ਸਾਲ ਖਰਾਬ ਨਾ ਹੋਵੇ। ਦੂਜੀ ਅਪੀਲ ਇਹ ਸੀ ਕਿ ਅਜਿਹੇ ਪੇਪਰ ਸੈਟਰ ਨੂੰ ਅੱਗੇ ਤੋਂ ਅਜਿਹੀ ਡਿਊਟੀ ਦੇਣ ਤੋਂ ਗੁਰੇਜ ਕੀਤਾ ਜਾਵੇ ਤਾਂ ਜੋ ਬੱਚੇ, ਮਾਤਾ-ਪਿਤਾ ਅਤੇ ਅਧਿਆਪਕਾਂ ਨੂੰ ਅਜਿਹੀ ਮਾਨਸਿਕ ਪਰੇਸ਼ਾਨੀ ਭਵਿੱਖ 'ਚ ਨਾ ਝੱਲਣੀ ਪਵੇ।

ਐਕਸ਼ਨ ਮੋਡ 'ਚ ਪਾਵਰਕਾਮ ਵਿਭਾਗ, ਡਿਫਾਲਟਰਾਂ ਖਿਲਾਫ ਤਾਬੜਤੋੜ ਕਾਰਵਾਈ ਸ਼ੁਰੂ

ਏਜੰਸੀਆਂ

ਲੁਧਿਆਣਾ 27 ਫਰਵਰੀ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੇ ਡਿਫਾਲਟਰਾਂ ਖਿਲਾਫ ਵੱਡੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਵਿਭਾਗ ਦੇ ਐੱਸ. ਈ. ਅਨਿਲ ਸ਼ਰਮਾ ਦੇ ਨਿਰਦੇਸ਼ਾਂ ਤਹਿਤ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀਆਂ ਟੀਮਾਂ ਵੱਲੋਂ 5 ਵੱਖ-ਵੱਖ ਡਵੀਜ਼ਨ ਦਾ ਤਹਿਤ ਪੈਂਦੇ ਇਲਾਕਿਆਂ ਅਗਰ ਨਗਰ, ਸਿਟੀ ਵੈਸਟ, ਮਾਡਲ ਟਾਊਨ, ਜਨਤਾ ਨਗਰ ਅਤੇ ਢੋਲੇਵਾਲ ਤੋਂ ਸਾਹਨੇਵਾਲ ਰੋਡ ਆਦਿ ਏਰੀਆ 'ਚ ਪਾਵਰਕਾਮ ਵਿਭਾਗ ਦੇ 200 ਤੋਂ ਵੱਧ ਡਿਫਾਲਟਰਾਂ ਦੇ ਖਿਲਾਫ ਕਾਰਵਾਈ ਕਰਦਿਆਂ ਬਿਜਲੀ ਕੁਨੈਕਸ਼ਨ ਕੱਟ ਦਿੱਤੇ ਗਏ ਹਨ। ਜਾਣਕਾਰੀ ਦਿੰਦੇ ਹੋਏ ਐੱਸ. ਈ. ਅਨਿਲ ਸ਼ਰਮਾ ਨੇ ਦੱਸਿਆ ਕਿ ਵਿਭਾਗ ਵੱਲੋਂ ਡਿਫਾਲਟਰਾਂ ਖਿਲਾਫ ਕੀਤੀ ਗਈ ਤਾਬੜਤੋੜ ਕਾਰਵਾਈ ਦੌਰਾਨ ਬਿਜਲੀ ਬੋਰਡ ਕੇ ਡਿਫਾਲਟਰਾਂ ਤੋਂ 1.40 ਕਰੋੜ ਰੁਪਏ ਦੇ ਬਕਾਇਆ ਖੜ੍ਹੇ ਬਿੱਲਾਂ ਦੀ ਰਿਕਵਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵਿਭਾਗੀ ਮੁਲਾਜ਼ਮਾਂ ਵੱਲੋਂ ਅੱਜ ਦੀ ਕਾਰਵਾਈ ਦੌਰਾਨ 200 ਤੋਂ ਵੱਧ ਡਿਫਾਲਟਰਾਂ ਦੇ ਬਿਜਲੀ ਕੁਨੈਕਸ਼ਨ ਕੱਟ ਦਿੱਤੇ ਗਏ ਹਨ। ਇਕ ਸਵਾਲ ਦੇ ਜਵਾਬ 'ਚ ਅਨਿਲ ਸ਼ਰਮਾ ਨੇ ਦੱਸਿਆ ਕਿ ਡਿਫਾਲਟਰਾਂ 'ਤੇ ਖੜ੍ਹੀ ਬਕਾਇਆ ਰਿਕਵਰੀ ਰਾਸ਼ੀ ਦਾ ਵਿਭਾਗੀ ਅੰਕੜਾ ਬਹੁਤ ਵੱਡਾ ਹੈ, ਜਿਸ ਨੂੰ ਰਿਕਵਰ ਕਰਨ ਲਈ ਸਰਕਾਰ ਅਤੇ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਡਿਫਾਲਟਰਾਂ ਖਿਲਾਫ ਮੁਹਿੰਮ ਛੇੜੀ ਗਈ

ਹੈ। ਅਨਿਲ ਸ਼ਰਮਾ ਵੱਲੋਂ ਡਿਫਾਲਟਰਾਂ ਨੂੰ ਖੁੱਲ੍ਹੇ ਸ਼ਬਦਾਂ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਆਪਣੀ ਬਕਾਇਆ ਬਿੱਲ ਰਾਸ਼ੀ ਬਿਨਾਂ ਕਿਸੇ ਦੇਰ ਦੇ ਪਾਵਰਕਾਮ ਵਿਭਾਗ ਦੇ ਸਰਕਾਰੀ ਖਜ਼ਾਨੇ 'ਚ ਜਮ੍ਹਾ ਕਰਵਾਉਣ ਲਈ ਅੱਗੇ ਆਉਣ, ਨਹੀਂ ਤਾਂ ਵਿਭਾਗ ਵੱਲੋਂ ਸਾਰੇ ਡਿਫਾਲਟਰ ਖਪਤਕਾਰਾਂ ਦੇ ਬਿਜਲੀ ਕੁਨੈਕਸ਼ਨ ਕੱਟ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਭਵਿੱਖ ਦੇ ਦਿਨਾਂ 'ਚ ਡਿਫਾਲਟਰ ਖਪਤਕਾਰਾਂ ਖਿਲਾਫ ਕਾਰਵਾਈ ਹੋਰ ਤੇਜ਼ ਕੀਤੀ ਜਾਵੇਗੀ। ਉਨ੍ਹਾਂ ਨੇ ਸਾਫ ਕੀਤਾ ਕਿ ਪਾਵਰਕਾਮ ਦੇ ਅਧਿਕਾਰੀ ਜਾਂ ਸਰਕਾਰ ਇਹ ਕਦੇ ਨਹੀਂ ਚਾਹੁੰਦੀ ਕਿ ਬਿਜਲੀ ਖਪਤਕਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ। ਅਜਿਹੇ 'ਚ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਤੋਂ ਬਚਣ ਲਈ ਸਬੰਧਤ ਖਪਤਕਾਰ ਆਪਣੇ ਬਿਜਲੀ ਦੇ ਬਕਾਇਆ ਖੜ੍ਹੇ ਬਿੱਲਾਂ ਦਾ ਤੁਰੰਤ ਭੁਗਤਾਨ ਕਰਨ। ਦੂਜੇ ਪਾਸੇ ਸਿਟੀ ਵੈਸਟ ਡਵੀਜ਼ਨ ਦੇ ਐੱਕਸੀਅਨ ਰਾਜੇਸ਼ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਛਾਉਣੀ ਮੁਹੱਲਾ, ਸਿਵਲ ਲਾਈਨ, ਸਲੇਮ ਟਾਬਰੀ, ਜਲੰਧਰ ਬਾਈਪਾਸ ਚੌਕ ਦੇ ਨੇੜੇ ਪੈਂਦੇ ਕਈ ਇਲਾਕਿਆਂ 'ਚ ਕੀਤੀ ਗਈ ਕਾਰਵਾਈ ਦੌਰਾਨ ਡਿਫਾਲਟਰ ਖਪਤਕਾਰਾਂ ਤੋਂ 35 ਲੱਖ ਦੇ ਕਰੀਬ ਰਿਕਵਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਵਿਭਾਗ ਦੇ